21-JAN-PAGE-1.qxd 1/20/2024 10:57 PM Page 1

ਐਤਵਾਰ, 21 ਜਨਵਰੀ, 2024
8 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 232

ਨਵਾਂ ਜ਼ਮਾਨਾ

DAILY NAWAN ZAMANA • SUNDAY, 21 JANUARY, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅਸਾਮ 'ਚ 'ਭਾਰਤ ਜੋੜੋ ਨਿਆਏ ਯਾਤਰਾ' 'ਤੇ ਹਮਲਾ

ਅਸੀਂ ਡਰਨ ਵਾਲੇ ਨਹੀਂ : ਕਾਂਗਰਸ

ਗੁਹਾਟੀ : ਕਾਂਗਰਸ ਨੇ ਅਸਾਮ ਦੇ ਲਖੀਮਪੁਰ 'ਚ ਭਾਰਤ ਜੋੜੋ ਨਿਆਏ ਯਾਤਰਾ ਦੇ ਕਾਫ਼ਿਲੇ 'ਤੇ ਹਮਲੇ ਦਾ ਦੋਸ਼ ਲਾਇਆ ਹੈ। ਪਾਰਟੀ ਨੇ ਹਮਲੇ ਦਾ ਦੋਸ਼ ਭਾਜਪਾ 'ਤੇ ਲਾਉਂਦੇ ਹੋਏ ਸੋਸ਼ਲ ਮੀਡੀਆ 'ਤੇ ਲਿਖਿਆ, ਭਾਜਪਾ ਦੇ ਗੁੰਡਿਆਂ ਨੇ ਪੋਸਟਰ, ਬੈਨਰ ਫਾੜੇ, ਗੱਡੀਆਂ 'ਚ ਤੋੜਫੋੜ ਕੀਤੀ। ਇਹ ਯਾਤਰਾ ਨੂੰ ਮਿਲ ਰਹੇ ਸਮਰਥਨ ਤੋਂ ਘਬਰਾ ਗਏ ਹਨ। ਕਾਂਗਰਸ ਦੇ ਅਫੀਸ਼ੀਅਲ ਹੈਂਡਲ 'ਤੇ ਲਿਖਿਆ, ਅਸਾਮ ਦੇ ਲਖੀਮਪੁਰ 'ਚ ਭਾਰਤ ਜੋੜੋ ਯਾਤਰਾ ਦੇ ਕਾਫ਼ਿਲੇ 'ਤੇ ਭਾਜਪਾ ਦੇ ਗੁੰਡਿਆਂ ਨੇ ਹਮਲਾ ਕਰ ਦਿੱਤਾ। ਕਾਂਗਰਸ ਨੇ ਕਿਹਾ ਕਿ ਇਹ ਕਾਇਰਾਨਾ ਅਤੇ ਸ਼ਰਮਨਾਕ ਹਰਕਤ ਦਿਖਾਉਂਦੀ ਹੈ ਕਿ ਭਾਰਤ ਜੋੜੋ ਯਾਤਰਾ ਨੂੰ ਮਿਲ ਰਹੇ ਪਿਆਰ ਅਤੇ ਜਨਸਮਰਥਨ ਤੋਂ ਭਾਜਪਾ ਸਰਕਾਰ ਘਬਰਾ ਗਈ ਹੈ, ਡਰ ਗਈ ਹੈ, ਪਰ ਮੋਦੀ ਸਰਕਾਰ ਅਤੇ ਉਸ ਦੇ ਇਸ਼ਾਰੇ 'ਤੇ ਚੱਲਣ ਵਾਲੇ ਅਸਾਮ ਦੇ ਮੁੱਖ ਮੰਤਰੀ ਇਹ ਚੰਗੀ ਤਰ੍ਹਾਂ ਸਮਝ ਲੈਣ। ਇਹ ਭਾਰਤ ਦੀ ਯਾਤਰਾ ਹੈ, ਅਨਿਆਂ ਖਿਲਾਫ਼ ਨਿਆਂ ਦੀ ਯਾਤਰਾ ਹੈ। ਭਾਰਤ ਜੋੜੋ ਨਿਆਂ ਯਾਤਰਾ ਨੂੰ ਕੋਈ ਸ਼ਕਤੀ ਨਹੀਂ ਰੋਕ ਸਕਦੀ। ਯਾਤਰਾ ਜਾਰੀ ਰਹੇਗੀ.. ਨਿਆਏ ਦਾ ਹੱਕ ਮਿਲਣ ਤੱਕ। ਕਾਂਗਰਸ ਪ੍ਰਧਾਨ ਮਲਿਕਅਰਜਨ ਖੜਗੇ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ ਹਮਲੇ ਦੀ ਨਿੰਦਾ ਕੀਤੀ। ਉਨ੍ਹਾ ਕਿਹਾ ਕਿ ਬੀਤੇ 10 ਸਾਲਾਂ 'ਚ ਭਾਜਪਾ ਨੇ ਦੇਸ਼ ਦੀ ਜਨਤਾ ਨੂੰ ਸੰਵਿਧਾਨ ਵੱਲੋਂ ਮਿਲ ਰਹੇ ਅਧਿਕਾਰ ਅਤੇ ਨਿਆਏ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਲੋਕਾਂ ਦੀ ਆਵਾਜ਼ ਦਬਾਉਣੀ ਚਾਹੁੰਦੀ ਹੈ ਅਤੇ ਇਸ ਦੇ ਜ਼ਰੀਏ ਲੋਕਤੰਤਰ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਉਨ੍ਹਾ ਕਿਹਾ ਕਿ ਕਾਂਗਰਸ ਇਨ੍ਹਾਂ ਹਮਲਿਆਂ ਲਈ ਜ਼ਿੰਮੇਵਾਰ ਅਸਾਮ ਦੀ ਭਾਜਪਾ ਸਰਕਾਰ ਦੀ ਇਨ੍ਹਾਂ ਚਾਲਾਂ ਅਤੇ ਹਮਲਿਆਂ ਤੋਂ ਡਰਨ ਵਾਲੀ ਨਹੀਂ ਹੈ। ਅਸੀਂ ਭਾਜਪਾ ਦੇ ਇਨ੍ਹਾਂ ਗੁੰਡਿਆਂ ਖਿਲਾਫ਼ ਕਾਨੂੰਨੀ ਕਾਰਵਾਈ ਕਰਾਂਗੇ।

ਏ ਆਈ ਸੀ ਸੀ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਵੀ ਹਮਲੇ ਦਾ ਇੱਕ ਵੀਡੀਓ ਸਾਂਝਾ ਕਰਦੇ ਹੋਏ ਕਿਹਾ ਕਿ 'ਸਭ ਤੋਂ ਭ੍ਰਿਸ਼ਟ' ਮੁੱਖ ਮੰਤਰੀ ਹੇਮੰਤ ਬਿਸਵ ਸ਼ਰਮਾ ਭਾਰਤ ਜੋੜੋ ਨਿਆਏ ਯਾਤਰਾ ਤੋਂ ਕਿੰਨੇ ਡਰੇ ਹੋਏ ਹਨ? ਉਨ੍ਹਾ ਦੇ ਗੁੰਡੇ ਸਾਡੇ ਕਾਂਗਰਸ ਦੇ ਪੋਸਟਰ ਅਤੇ ਵਾਹਨਾਂ ਨੂੰ ਤੋੜ ਰਹੇ ਹਨ।

ਉਨ੍ਹਾ ਕਿਹਾ ਕਿ ਯਾਤਰਾ 'ਚ ਸੂਬੇ ਦੇ ਲੋਕ ਵੱਡੀ ਗਿਣਤੀ 'ਚ ਹਿੱਸਾ ਲੈ ਰਹੇ ਹਨ, ਜਿਸ ਕਾਰਨ ਮੁੱਖ ਮੰਤਰੀ ਘਬਰਾਅ ਗਏ ਹਨ।

ਭਾਰੀ ਅਸਲਾ ਤੇ ਡਰੱਗ ਮਨੀ ਸਮੇਤ 6 ਕਾਬੂ

ਗੁਰਦਾਸਪੁਰ (ਜਨਕ ਮਹਾਜਨ, ਦਿਨੇਸ਼ ਕੁਮਾਰ)

ਜ਼ਿਲ੍ਹਾ ਪੁਲਸ ਗੁਰਦਾਸਪੁਰ ਨੂੰ ਸ਼ਨੀਵਾਰ ਵੱਡੀ ਸਫ਼ਲਤਾ ਮਿਲੀ। ਜਾਣਕਾਰੀ ਮੁਤਾਬਿਕ ਜ਼ਿਲ੍ਹਾ ਪੁਲਸ ਗੁਰਦਾਸਪੁਰ ਨੇ ਇੱਕ ਔਰਤ ਸਮੇਤ 6 ਮੁਲਜ਼ਮਾਂ ਨੂੰ 9 ਪਿਸਟਲ, 10 ਮੈਗਜ਼ੀਨ, 35 ਰੌਂਦ, 1.5 ਗ੍ਰਾਮ ਹੈਰੋਇਨ ਅਤੇ 15 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ 'ਚੋਂ ਇੱਕ ਨੇ 2020 'ਚ ਸ਼ਿਵ ਸੈਨਾ ਨੇਤਾ ਦੇ ਭਰਾ ਮੁਕੇਸ਼ ਨਈਅਰ ਦਾ ਕਤਲ ਕੀਤਾ ਸੀ। ਪੁਲਸ ਹੈੱਡ ਕੁਆਰਟਰ 'ਚ ਐੱਸ ਐੱਸ ਪੀ ਗੁਰਦਾਸਪੁਰ ਦਾਯਮਾ ਹਰੀਸ਼ ਕੁਮਾਰ ਨੇ ਇਸ ਕਾਮਯਾਬੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਗਰੋਹ ਦਾ ਮਾਸਟਰ ਮਾਈਂਡ ਮਨੀ ਸਿੰਘ ਉਰਫ ਮਾਊ ਨਾਮਕ ਨੌਜਵਾਨ ਨੇ 2020 ਵਿੱਚ ਬਟਾਲਾ ਦੇ ਸ਼ਿਵ ਸੈਨਾ ਆਗੂ ਰਮੇਸ਼ ਨਈਯਰ ਦੇ ਭਰਾ ਮੁਕੇਸ਼ ਨਈਅਰ ਦਾ ਕਤਲ ਕੀਤਾ ਸੀ, ਜਦਕਿ ਇੱਕ ਹੋਰ ਮੁਲਜ਼ਮ ਉਪਿੰਦਰ ਸਿੰਘ ਖਿਲਾਫ ਨਸ਼ੀਲੇ ਪਦਾਰਥ ਵਿਰੋਧੀ ਐਕਟ ਤਹਿਤ ਛੱਤੀਸਗੜ੍ਹ 'ਚ ਮਾਮਲਾ ਦਰਜ ਹੈ, ਜਿਸ 'ਚ ਉਹ ਭਗੌੜਾ ਚਲਿਆ ਆ ਰਿਹਾ ਹੈ। ਉਨ੍ਹਾ ਦੱਸਿਆ ਕਿ ਇਸ ਸਾਂਝੇ ਪੁਲਸ ਆਪ੍ਰੇਸ਼ਨ ਦੌਰਾਨ ਫੜੇ ਗਏ ਮੁਲਜ਼ਮਾਂ ਦੀ ਪਛਾਣ ਕਮਲਜੀਤ ਸਿੰਘ ਵਾਸੀ ਜੌੜਾ ਜ਼ਿਲ੍ਹਾ ਤਰਨ ਤਾਰਨ, ਉਪਿੰਦਰ ਸਿੰਘ ਵਾਸੀ ਸੱਗੋ ਬੂਰਾ ਥਾਣਾ ਝਬਾਲ ਜ਼ਿਲ੍ਹਾ ਤਰਨ ਤਾਰਨ ਹਾਲ ਰਾਏਪੁਰ ਵੀਰ ਛੱਤੀਸਗੜ੍ਹ ਅਤੇ ਇੱਕ ਔਰਤ ਪੇਮਾ ਡੋਮਾ ਭੂਟਿਆ ਵੈਸਟ ਬੰਗਾਲ ਦੇ ਤੌਰ 'ਤੇ ਹੋਈ। ਜਦੋਂ ਇਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਇਹ ਆਪਣੀ ਦੋਸਤ ਪੇਮਾ ਡੋਮਾ ਦਾ ਜਨਮ ਦਿਨ ਮਨਾ ਕੇ ਘਰ ਵਾਪਸ ਆ ਰਹੇ ਸਨ, ਜਿਨ੍ਹਾਂ ਕੋਲੋਂ ਪੁੱਛਗਿੱਛ ਦੇ ਅਧਾਰ 'ਤੇ ਸਾਜ਼ਿਸ਼ਘਾੜਾ ਮਨੀ ਸਿੰਘ ਉਰਫ ਮਾਊ ਵਾਸੀ ਭੰਡਾਰੀ ਮੁਹੱਲਾ ਬਟਾਲਾ, ਮਹਿਤਾਬ ਸਿੰਘ ਜ਼ਿਲ੍ਹਾ ਤਰਨ ਤਾਰਨ ਅਤੇ ਬਲਰਾਜ ਸਿੰਘ ਵਾਸੀ ਭਿੱਖੀਵਿੰਡ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਐੱਸ ਐੱਸ ਪੀ ਨੇ ਦੱਸਿਆ ਕਿ ਸਾਰੇ ਕਰਾਇਮਪੇਸ਼ਾ ਵਿਅਕਤੀ ਹਨ, ਜਿਨ੍ਹਾਂ ਦਾ ਬਹੁਤ ਵੱਡਾ ਨੈੱਟਵਰਕ ਹੈ, ਜਿਸ ਦੇ ਅਧਾਰ 'ਤੇ ਸਾਨੂੰ ਹੋਰ ਵੀ ਵੱਡੀ ਕਾਮਯਾਬੀ ਹਾਸਲ ਹੋ ਸਕਦੀ ਹੈ। ਉਹਨਾਂ ਦੱਸਿਆ ਕਿ ਗਰੋਹ ਦੀ ਜੇਲ੍ਹ ਵਿੱਚ ਇੱਕ ਹੋਰ ਗੈਂਗਸਟਰ ਨਾਲ ਵੀ ਦੁਸ਼ਮਣੀ ਚੱਲਦੀ ਆ ਰਹੀ, ਜਿਸ ਦੇ ਚੱਲਦਿਆਂ ਇਹਨਾਂ ਨੇ ਇਹ ਹਥਿਆਰ ਮਹਾਰਾਸ਼ਟਰ ਤੋਂ ਮੰਗਵਾਏ ਸਨ। ਐੱਸ ਐੱਸ ਪੀ ਨੂੰ ਦੱਸਿਆ ਕਿ ਇਸ ਗਰੋਹ ਦਾ ਮਾਸਟਰ ਮਾਈਂਡ ਬਟਾਲਾ ਵਾਸੀ ਮਨੀ ਸਿੰਘ ਸਾਰੇ ਗਰੋਹ ਦਾ ਨੈੱਟਵਰਕ ਚਲਾਉਂਦਾ ਹੈ, ਜਿਸ ਦੇ ਉੱਪਰ ਸ਼ਿਵ ਸੈਨਾ ਨੇਤਾ ਦੇ ਭਰਾ ਮੁਕੇਸ਼ ਨਈਅਰ ਦਾ ਕਤਲ ਦਾ ਮੁਕੱਦਮਾ ਵੀ ਚੱਲ ਰਿਹਾ ਹੈ, ਜਦ ਕਿ ਉਪਿੰਦਰ ਸਿੰਘ ਐੱਨ ਡੀ ਪੀ ਐੱਸ ਐਕਟ ਤਹਿਤ ਛੱਤੀਸਗੜ੍ਹ 'ਚ ਦਰਜ ਹੋਏ ਮਾਮਲੇ 'ਚ ਭਗੌੜਾ ਚੱਲ ਰਿਹਾ ਹੈ।

ਗੈਂਗਸਟਰ ਜੋਹਨ ਬੁੱਟਰ ਦੇ ਦੋ ਸਾਥੀ ਅਸਲੇ ਸਮੇਤ ਗ੍ਰਿਫ਼ਤਾਰ

ਮੋਗਾ : ਮੋਗਾ ਪੁਲਸ ਪਾਰਟੀ ਨੇ ਗੈਂਗਸਟਰ ਨਵਦੀਪ ਸਿੰਘ ਉਰਫ ਜੋਹਨ ਬੁੱਟਰ ਨਾਲ ਸੰਬੰਧਤ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 6 ਪਿਸਤੌਲ ਅਤੇ 8 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਐੱਸ ਐੱਸ ਪੀ ਵਿਵੇਕਸ਼ੀਲ ਸੋਨੀ ਨੇ ਪੁਲਸ ਅਧਿਕਾਰੀਆਂ ਦੀ ਮੌਜੂਦਗੀ 'ਚ ਪ੍ਰੈੱਸ ਕਾਨਫਰੰਸ ਕਰਕੇ ਖੁਲਾਸਾ ਕੀਤਾ ਕਿ ਸੀ ਆਈ ਏ ਸਟਾਫ ਦੇ ਏ ਐੱਸ ਆਈ ਸੁਖਵਿੰਦਰ ਸਿੰਘ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਗੈਂਗਸਟਰ ਨਵਦੀਪ ਸਿੰਘ ਉਰਫ ਜੋਹਨ ਬੁੱਟਰ ਵਾਸੀ ਬੁੱਟਰ ਕਲਾਂ ਜ਼ਿਲ੍ਹਾ ਮੋਗਾ ਦੇ ਗੈਂਗ ਨਾਲ ਸੰਬੰਧਤ ਮੈਂਬਰ ਪਰਮਿੰਦਰ ਸਿੰਘ ਉਰਫ ਪਿੰਦਾ, ਕੁਲਵਿੰਦਰ ਸਿੰਘ ਉਰਫ ਕਿੰਦਾ ਵਾਸੀਆਨ ਬੁੱਟਰ ਕਲਾਂ ਜ਼ਿਲ੍ਹਾ ਕਚਹਿਰੀਆਂ ਦੇ ਪਿਛਲੇ ਪਾਸੇ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਦਫਤਰ ਦੇ ਸਾਹਮਣੇ ਪਾਰਕਿੰਗ 'ਚ ਇੱਕ ਚਿੱਟੇ ਰੰਗ ਦੀ ਕਾਰ 'ਚ ਬੈਠੇ ਹਨ। ਉਨ੍ਹਾਂ ਦੱਸਿਆ ਕਿ ਸੂਚਨਾ ਦੇਣ ਵਾਲੇ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਗੈਂਗਸਟਰ ਨਵਦੀਪ ਸਿੰਘ ਨੇ ਇਨ੍ਹਾਂ ਨੂੰ ਭਾਰੀ ਮਾਤਰਾ 'ਚ ਅਸਲਾ ਵੀ ਮੁਹੱਈਆ ਕਰਵਾਇਆ ਹੈ, ਇਸ ਲਈ ਛਾਪੇਮਾਰੀ ਕੀਤੀ ਜਾਏ ਤਾਂ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਅਸਲਾ ਫੜਿਆ ਜਾ ਸਕਦਾ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਇਸ ਇਤਲਾਹ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਛਾਪਾ ਮਾਰਿਆ ਤਾਂ ਪਰਮਿੰਦਰ ਸਿੰਘ ਉਰਫ ਪਿੰਦਾ ਅਤੇ ਕੁਲਵਿੰਦਰ ਸਿੰਘ ਉਰਫ ਕਿੰਦਾ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਪਰਮਿੰਦਰ ਸਿੰਘ ਉਰਫ ਪਿੰਦਾ ਦੀ ਡੱਬ 'ਚੋਂ 2 ਦੇਸੀ ਪਿਸਟਲ 32 ਬੋਰ ਸਮੇਤ 3 ਰੌਂਦ ਜਿੰਦਾ ਅਤੇ ਕੁਲਵਿੰਦਰ ਸਿੰਘ ਉਰਫ ਕਿੰਦਾ ਦੀ ਡੱਬ 'ਚੋਂ 2 ਦੇਸੀ ਪਿਸਟਲ 32 ਬੋਰ ਸਮੇਤ 03 ਰੌਂਦ ਜ਼ਿੰਦਾ 32 ਬੋਰ ਬਰਾਮਦ ਕੀਤੇ ਹਨ। ਪੁਲਸ ਅਨੁਸਾਰ ਕਾਰ ਦੀ ਤਲਾਸ਼ੀ ਲੈਣ 'ਤੇ ਡਰਾਈਵਰ ਸੀਟ ਦੇ ਥੱਲਿਓਂ 1 ਦੇਸੀ ਰਿਵਾਲਵਰ 32 ਬੋਰ ਸਮੇਤ 2 ਜ਼ਿੰਦਾ ਰੌਂਦ 32 ਬੋਰ ਅਤੇ ਕੰਡਕਟਰ ਸੀਟ ਦੇ ਥੱਲਿਓਂ 01 ਦੇਸੀ ਪਿਸਟਲ 30 ਬੋਰ ਸਮੇਤ ਕੁੱਲ 6 ਹਥਿਆਰ ਅਤੇ 8 ਜ਼ਿੰਦਾ ਕਾਰਤੂਸ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੀ

● ਬਾਕੀ ਸਫ਼ਾ 2 'ਤੇ

ਸੜਕ ਹਾਦਸੇ 'ਚ ਚਾਰ ਦੀ ਮੌਤ

ਚੇਨਈ : ਤੇਲੰਗਾਨਾ ਦੇ ਤੰਜਾਵੂਰ ਜ਼ਿਲ੍ਹੇ 'ਚ ਸ਼ਨੀਵਾਰ ਸਵੇਰੇ ਇੱਕ ਸੜਕ ਹਾਦਸੇ 'ਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਜ਼ਖ਼ਮੀ ਹੋ ਗਏ। ਇਹ ਘਟਨਾ ਤੰਜਾਵੂਰ ਜ਼ਿਲ੍ਹੇ ਦੇ ਸੇਤੂਬਾਵਚਾਰਿਤਮ ਦੇ ਕੋਲ ਹੋਈ, ਜਦ ਇੱਕ ਤੇਜ਼ ਰਫ਼ਤਾਰ ਕਾਰ ਪੁਲ ਨਾਲ ਟਕਰਾਅ ਗਈ, ਜਿਸ ਕਾਰਨ ਇਹ ਹਾਦਸਾ ਹੋਇਆ।

ਸਕੂਲ ਦੇ ਹੋਸਟਲ 'ਚ ਅੱਗ ਲੱਗਣ ਨਾਲ 13 ਮੌਤਾਂ

ਬੀਜ਼ਿੰਗ : ਚੀਨ ਦੇ ਹੇਨਾਨ ਸੂਬੇ 'ਚ ਇੱਕ ਪ੍ਰਾਇਮਰੀ ਬੋਰਡਿੰਗ ਸਕੂਲ ਦੇ ਵਿਦਿਆਰਥੀਆਂ ਦੇ ਹੋਸਟਲ 'ਚ ਅੱਗ ਲੱਗਣ ਕਾਰਨ ਘੱਟੋ ਘੱਟ 13 ਲੋਕਾਂ ਦੀ ਮੌਤ ਹੋ ਗਈ। ਚੀਨ ਦੀ ਸਰਕਾਰੀ ਮੀਡੀਆ ਸ਼ਿਨਹੂਆ ਅਨੁਸਾਰ ਯਾਨਸ਼ਾਨਪੁ ਪਿੰਡ ਦੇ ਸਥਾਨਕ ਲੋਕਾਂ ਨੇ ਸ਼ੁੱਕਰਵਾਰ ਦੇਰ ਰਾਤ ਯਿੰਗਕਾਈ ਸਕੂਲ 'ਚ ਅੱਗ ਲੱਗਣ ਦੀ ਜਾਣਕਾਰੀ ਦਿੱਤੀ। ਸ਼ਿਨਹੂਆ ਮੁਤਾਬਿਕ, ਬਚਾਅ ਕਰਮੀਆਂ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਇਸ ਘਟਨਾ 'ਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਸਥਾਨਕ ਮੀਡੀਆ ਅਨੁਸਾਰ ਸਕੂਲ ਦੇ ਮਾਲਕ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ।

ਬਿੱਟੂ ਦੀ ਸਰਕਾਰੀ ਰਿਹਾਇਸ਼ 'ਤੇ ਚੱਲੀ ਗੋਲੀ, ਸੁਰੱਖਿਆ ਮੁਲਾਜ਼ਮ ਦੀ ਮੌਤ

ਲੁਧਿਆਣਾ : ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਸੁਰੱਖਿਆ ਅਮਲੇ 'ਚ ਤਾਇਨਾਤ ਸੁਰੱਖਿਆ ਮੁਲਾਜ਼ਮ ਦੀ ਗੋਲ਼ੀ ਲੱਗਣ ਨਾਲ ਮੌਤ ਹੋ ਗਈ। 32 ਸਾਲਾ ਸੀ ਆਈ ਐੱਸ ਐੱਫ ਦਾ ਜਵਾਨ ਸੰਦੀਪ ਕੁਮਾਰ ਯੂ ਪੀ ਦੇ ਜ਼ਿਲ੍ਹਾ ਮੁਜ਼ੱਫਰਪੁਰ, ਪਿੰਡ ਰਾਜਪੁਰ ਦਾ ਰਹਿਣ ਵਾਲਾ ਸੀ। ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਰੋਜ਼ ਗਾਰਡਨ ਨੇੜੇ ਗੋਲ਼ੀ ਚੱਲਣ ਦੀ ਆਵਾਜ਼ ਆਈ ਹੈ। ਪੁਲਸ ਮੌਕੇ 'ਤੇ ਪੁੱਜੀ ਤਾਂ ਸੰਸਦ ਮੈਂਬਰ ਦੀ ਰਿਹਾਇਸ਼ 'ਤੇ ਸੰਦੀਪ ਦੀ ਲਾਸ਼ ਪਈ ਸੀ। ਨਾਲ ਹੀ ਉਸ ਦਾ ਹਥਿਆਰ ਵੀ ਪਿਆ ਸੀ। ਸ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਸੁਰੱਖਿਆ ਮੁਲਾਜ਼ਮ ਹਥਿਆਰ ਦੀ ਸਫ਼ਾਈ ਕਰ ਰਿਹਾ ਸੀ ਤੇ ਉਸੇ ਵੇਲੇ ਗੋਲ਼ੀ ਚੱਲ ਗਈ, ਜਿਹੜੀ ਉਸ ਦੇ ਜਬਾੜ੍ਹੇ ਨੂੰ ਚੀਰਦੀ ਹੋਈ ਨਿਕਲ ਗਈ।

ਮੈਂ ਰਾਮ ਮੰਦਰ ਜ਼ਰੂਰ ਜਾਵਾਂਗਾ : ਹਰਭਜਨ ਸਿੰਘ

ਚੰਡੀਗੜ੍ਹ : ਸਾਬਕਾ ਕ੍ਰਿਕਟਰ ਅਤੇ 'ਆਪ' ਦੇ ਰਾਜ ਸਭਾ ਸੰਸਦ ਮੈਂਬਰ ਹਰਭਜਨ ਸਿੰਘ ਨੇ ਸ਼ਨੀਵਾਰ ਕਿਹਾ ਕਿ ਉਹ ਰਾਮ ਮੰਦਰ 'ਚ ਪ੍ਰਾਣ ਪ੍ਰਤਿਸ਼ਠਾ ਸਮਾਗਮ 'ਚ ਸ਼ਾਮਲ ਹੋਣ ਲਈ ਅਯੁੱਧਿਆ ਜਾਣਗੇ।ਵਿਰੋਧੀ ਧਿਰਾਂ ਵੱਲੋਂ ਸਮਾਗਮ ਦੇ ਸੱਦੇ ਨੂੰ ਠੁਕਰਾਏ ਜਾਣ 'ਤੇ ਹਰਭਜਨ ਸਿੰਘ ਨੇ ਕਿਹਾ, 'ਇਹ ਸਾਡੀ ਖੁਸ਼ਕਿਸਮਤੀ ਹੈ ਕਿ ਇਹ ਮੰਦਰ ਇਸ ਸਮੇਂ ਉਸਾਰਿਆ ਜਾ ਰਿਹਾ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਉੱਥੇ ਜਾਣਾ ਚਾਹੀਦਾ ਹੈ ਅਤੇ ਆਸ਼ੀਰਵਾਦ ਲੈਣਾ ਚਾਹੀਦਾ ਹੈ।' ਉਨ੍ਹਾਂ ਕਿਹਾ, 'ਕੋਈ ਜਾਵੇ ਜਾਂ ਨਾ ਜਾਵੇ, ਪਰ ਮੈਂ ਜ਼ਰੂਰ ਜਾਊਂਗਾ' ਕੋਈ ਪਾਰਟੀ ਜਾਵੇ ਜਾਂ ਨਾ ਜਾਵੇ, ਮੈਂ ਜਾਊਂਗਾ। ਜੇਕਰ ਕਿਸੇ ਨੂੰ ਮੇਰੇ ਰਾਮ ਮੰਦਰ ਜਾਣ 'ਤੇ ਸਮੱਸਿਆ ਹੈ ਤਾਂ ਉਹ ਜੋ ਚਾਹੇ, ਕਰ ਸਕਦਾ ਹੈ।

ਰਸ਼ਮਿਕਾ ਡੀਪ ਫੇਕ ਵੀਡੀਓ ਮਾਮਲੇ 'ਚ ਦਬੋਚਿਆ ਮੁੱਖ ਮੁਲਜ਼ਮ

ਨਵੀਂ ਦਿੱਲੀ : ਅਦਾਕਾਰਾ ਰਸ਼ਮਿਕਾ ਮੰਦਾਨਾ ਦੇ ਡੀਪ ਫੇਕ ਵੀਡੀਓ ਮਾਮਲੇ 'ਚ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇੰਟੈਲੀਜੈਂਸ ਫਿਊਜ਼ਨ ਐਂਡ ਸਟ੍ਰੇਟੇਜਿਕ ਅਪ੍ਰੇਸ਼ਨ ਦੇ ਡੀ ਸੀ ਪੀ ਹੇਮੰਤ ਤਿਵਾੜੀ ਨੇ ਇਸ ਬਾਰੇ ਜਾਣਕਾਰੀ ਦਿੱਤੀ। ਕੁਝ ਮਹੀਨੇ ਪਹਿਲਾਂ ਰਸ਼ਮਿਕਾ ਦਾ ਇੱਕ ਫੇਕ ਵੀਡੀਓ ਸਾਹਮਣੇ ਆਇਆ ਸੀ, ਜਿਸ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸੀ ਦੀ ਸਹਾਇਤਾ ਨਾਲ ਬਣਾਇਆ ਗਿਆ ਸੀ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਾਰਵਾਈ ਦੀ ਮੰਗ ਕੀਤੀ ਸੀ।

ਮੰਗਣੀ ਸਮਾਗਮ 'ਚ ਨੌਜਵਾਨ ਦਾ ਕਤਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)

ਹਲਕਾ ਖੇਮਕਰਨ ਅਧੀਨ ਪੈਂਦੇ ਪਿੰਡ ਆਸਲ ਉਤਾੜ 'ਚ ਮੰਗਣੀ ਸਮਾਗਮ 'ਚ ਪਹੁੰਚੇ ਰਿਸ਼ਤੇਦਾਰ ਵੱਲੋਂ ਡੀ ਜੇ ਗਰੁੱਪ ਦੇ ਨੌਜਵਾਨ ਮੈਂਬਰ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤ

21-JAN-PAGE-1.qxd 1/20/2024 10:57 PM Page 2

ਸਾਰੇ ਧਰਮਾਂ ਦੇ ਲੋਕ ਇਕਜੁੱਟ ਹੋ ਕੇ ਭਾਈਚਾਰਕ ਸਾਂਝ ਦਾ ਸਬੂਤ ਦੇਣ : ਮਿੱਟੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕਾਂਗਰਸ ਦੇ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੱਟੂ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਜੀ ਦੇ ਜਨਮ ਅਸਥਾਨ ਅਯੁੱਧਿਆ ਵਿਖੇ 22 ਜਨਵਰੀ ਨੂੰ ਵਿਸ਼ਾਲ ਤੇ ਸੁੰਦਰ ਮੰਦਰ ਦਾ ਉਦਘਾਟਨ ਹੋ ਰਿਹਾ ਹੈ। ਉਸ ਨਾਲ ਹਰੇਕ ਵਰਗ ਵਿਚ ਖੁਸ਼ੀ ਦੀ ਲਹਿਰ ਹੈ ਅਤੇ ਸਮੂਹ ਭਾਰਤ ਵਾਸੀ ਇਹ ਜਸ਼ਨ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਮਨਾਉਣ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸੀ ਆਗੂ ਮਿੱਟੂ ਨੇ ਕਿਹਾ ਕਿ 22 ਜਨਵਰੀ ਨੂੰ ਇੱਕ ਵੱਡਾ ਇਤਿਹਾਸਕ ਦਿਹਾੜਾ ਹੈ ਜਿਸ ਨੂੰ ਸਾਰੇ ਧਰਮਾਂ ਦੇ ਲੋਕ ਇਕਜੁੱਟ ਹੋ ਕੇ ਮਨਾਉਣ ਅਤੇ ਭਾਈਚਾਰਕ ਸਾਂਝ ਦਾ ਸਬੂਤ ਦੇਣ। ਉਨ੍ਹਾਂ ਕਿਹਾ ਕਿ ਹਰੇਕ ਦੇਸ਼ ਵਾਸੀ ਦੀ ਇੱਛਾ ਸੀ ਕਿ ਅਯੁੱਧਿਆ ਵਿਖੇ ਰਾਮ ਮੰਦਰ ਦਾ ਨਿਰਮਾਣ ਹੋਵੇਗਾ ਜੋ ਕਿ 22 ਜਨਵਰੀ ਨੂੰ ਪੂਰੀ ਹੋਣ ਜਾ ਰਹੀ ਹੈ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਿਆਸੀਕਰਨ ਨਹੀਂ ਕਰਨਾ ਚਾਹੀਦਾ। ਮਿੱਟੂ ਨੇ ਕਿਹਾ ਕਿ ਦੇਸ਼ ਵਾਸੀਆਂ ਵਿਚ ਮੰਦਰ ਨਿਰਮਾਣ ਨੂੰ ਲੈ ਕੇ ਭਾਰੀ ਉਤਸ਼ਾਹ ਦਿਖ ਰਿਹਾ ਹੈ ਅਤੇ ਲੋਕ ਇਸ ਦਿਨ ਦੀਪਮਾਲਾ ਕਰਕੇ ਪ੍ਰਭੂ ਰਾਮ ਨੂੰ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨਗੇ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਜ਼ਰੂਰਤ ਹੈ ਕਿ ਅਸੀਂ ਭਗਵਾਨ ਸ੍ਰੀ ਰਾਮ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਭਾਰਤ ਦੇਸ਼ ਨੂੰ ਖੁਸ਼ਹਾਲ ਕਰੀਏ।

ਸਿੰਗਲਾ ਨੇ ਖੇਡ ਕਲੱਬਾਂ ਨੂੰ 2.25 ਲੱਖ ਰੁਪਏ ਦੇ ਚੈੱਕ ਸੌਂਪੇ

ਮਾਨਸਾ (ਆਤਮਾ ਸਿੰਘ ਪਮਾਰ)-ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਮਾਨਸਾ ਹਲਕੇ ਦੇ ਵੱਖ-ਵੱਖ ਖੇਡ ਕਲੱਬਾਂ ਲਈ ਖੇਡ ਅਤੇ ਯੁਵਕ ਸੇਵਾਵਾਂ ਵਿਭਾਗ ਦੇ ਸਹਿਯੋਗ ਨਾਲ 2.25 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਵੰਡੇ। ਵਿਧਾਇਕ ਵਿਜੈ ਸਿੰਗਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਪਿੰਡਾਂ ਦੀ ਨੁਹਾਰ ਬਦਲਣ ਲਈ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ, ਉਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਨਾਲ ਜੋੜਨ ਲਈ ਵੱਡੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮਾਨਸਾ ਹਲਕੇ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਉਹ ਹਲਕਾ ਵਾਸੀਆਂ ਦੀ ਸੇਵਾ ਲਈ ਦਿਨ-ਰਾਤ ਤੱਤਪਰ ਹਨ ਅਤੇ ਹਲਕੇ ਦੀ ਨੁਹਾਰ ਬਦਲਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਵੋਟਰ ਜਾਗਰੂਕਤਾ ਮੁਹਿੰਮ ਤਹਿਤ ਵਿਸਤਾਰ ਭਾਸ਼ਣ



ਦੋਰਾਹਾ (ਹਰਮਿੰਦਰ ਸੇਠ)-ਅੱਜ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਐੱਨ. ਐੱਸ. ਐੱਸ. ਯੂਨਿਟ ਦੁਆਰਾ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਇੱਕ ਜਾਗਰੂਕਤਾ ਪ੍ਰੋਗਰਾਮ ਉਲੀਕਿਆ ਗਿਆ। ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਗਤੀਵਿਧੀਆਂ ਤਹਿਤ ਇੱਕ ਵਿਸਤਾਰ ਭਾਸ਼ਣ ਦਾ ਆਯੋਜਨ ਕਰ ਕੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਗਤੀਵਿਧੀਆਂ ਦੇ ਇੰਚਾਰਜ ਅਤੇ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਪਣੀਆਂ ਵੋਟਾਂ ਬਣਾਵਾਉਣ ਅਤੇ ਚੰਗੇ ਤੇ ਸਮਝਦਾਰ ਨੇਤਾ ਚੁਣਨ ਲਈ ਆਪਣੀ ਵੋਟ ਦੇ ਅਧਿਕਾਰ ਦੀ ਸਹੀ ਢੰਗ ਨਾਲ਼ ਵਰਤੋਂ ਕਰਨ ਲਈ ਪ੍ਰੇਰਿਆ। ਇਸ ਗਤੀਵਿਧੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਵੱਲੋਂ ਫਰਵਰੀ 'ਚ ਕੀਤੀ ਜਾਵੇਗੀ ਮਹਾਂ ਰੈਲੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਪੰਜਾਬ ਦੇ ਲੋਕ ਬਦਲਾਅ ਦੇ ਨਾਂਅ 'ਤੇ ਵੋਟਾਂ ਪਾ ਕੇ ਹੁਣ ਠੱਗੇ ਹੋਏ ਮਹਿਸੂਸ ਕਰ ਰਹੇ ਹਨ।ਆਪ ਦੀ ਸਰਕਾਰ ਤੋਂ ਮਿਲੀ ਬੇਭਰੋਸਗੀ ਮਗਰੋਂ ਹੁਣ ਪੰਜਾਬ ਦੇ ਲੋਕ ਸੱਚੀਂ ਮੁੱਚੀਂ ਉਨ੍ਹਾਂ ਦੀ ਬਾਂਹ ਫੜਨ ਵਾਲੇ ਰਹਿਬਰ ਦੀ ਭਾਲ ਕਰ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਾਘਾ ਪੁਰਾਣਾ ਤੋਂ ਸਾਬਕਾ ਵਿਧਾਇਕ ਅਤੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਪਿਛਲੇ ਸਮੇਂ 'ਚ ਬਿਮਾਰ ਰਹੇ, ਪਰ ਹੁਣ ਉਹ ਸਿਹਤਯਾਬ ਹੋ ਗਏ ਹਨ।ਉਹ ਅਗਲੇ ਮਹੀਨੇ ਤੋਂ ਆਪਣੇ ਲੋਕਾਂ 'ਚ ਵਿਚਰਨਾ ਸ਼ੁਰੂ ਕਰ ਦੇਣਗੇ।ਪੱਤਰਕਾਰਾਂ ਦੁਆਰਾ ਕੀਤੇ ਸਵਾਲ ਦਾ ਜਵਾਬ ਦਿੰਦਿਆਂ ਸਾਬਕਾ ਵਿਧਾਇਕ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਨਿਰਾਸ਼ ਹੋਏ ਹਲਕੇ ਦੇ ਲੋਕਾਂ ਨਾਲ ਉਨ੍ਹਾਂ ਦੇ ਮੁੱਦਿਆਂ, ਮੰਗਾਂ ਨੂੰ ਮੁਖ਼ਾਤਿਬ ਹੁੰਦੇ ਹੋਏ ਵਿਚਾਰ ਚਰਚਾ ਕਰਨ ਲਈ ਅਤੇ ਪਾਰਟੀ ਵਰਕਰਾਂ 'ਚ ਨਵੀਂ ਰੂਹ ਫੂਕਣ ਲਈ ਫਰਵਰੀ ਮਹੀਨੇ ਵਿਚ ਬਾਘਾ ਪੁਰਾਣਾ ਵਿਖੇ ਇਕ ਵੱਡੀ ਰੈਲੀ ਕਰਨ ਜਾ ਰਹੇ ਹਨ, ਜਿਸ ਵਿਚ ਪਾਰਟੀ ਦੇ ਆਗੂਆਂ, ਵਰਕਰਾਂ ਨੂੰ ਸੱਦਾ ਦਿੱਤਾ ਜਾਵੇਗਾ।ਬਾਘਾ ਪੁਰਾਣਾ ਹਲਕੇ ਦੇ ਨਵੇਂ ਜੁੜ ਰਹੇ ਕਾਂਗਰਸ ਵਰਕਰਾਂ ਨਾਲ ਪਾਰਟੀ ਦੀ ਵਿਚਾਰਧਾਰਾ ਸਾਂਝੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਵਰਕਰ ਕਾਂਗਰਸ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਪਾਰਟੀ ਆਗੂ ਹਮੇਸ਼ਾ ਉਨ੍ਹਾਂ ਦਾ ਮਾਣ ਸਤਿਕਾਰ ਸਭ ਤੋਂ ਪਹਿਲਾਂ ਕਰਦੇ ਹਨ।ਫਰਵਰੀ ਮਹੀਨੇ 'ਚ ਕੀਤੀ ਜਾਣ ਵਾਲੀ ਰੈਲੀ ਹਲਕੇ ਦੇ ਲੋਕਾਂ ਅਤੇ ਪਾਰਟੀ ਵਰਕਰਾਂ ਨੂੰ ਸਮਰਪਤ ਹੋਵੇਗੀ।ਉਨ੍ਹਾਂ ਕਿਹਾ ਕਿ ਉਹ ਹੁਣ ਦਿਨ-ਰਾਤ ਮਿਹਨਤ ਕਰ ਕੇ ਹੋਰ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਜੋੜਨਗੇ ਅਤੇ ਪਾਰਟੀ ਦੇ ਹੱਥ ਮਜ਼ਬੂਤ ਕਰਨਗੇ।

ਜੇ ਐੱਮ ਐੱਸ ਇਮੀਗ੍ਰੇਸ਼ਨ ਨੇ 2 ਮਡਿਊਲਾਂ 'ਚੋਂ 5.5 ਬੈਂਡ ਹੋਣ ਦੇ ਬਾਵਜੂਦ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐਮ.ਐੱਸ. ਇਮੀਗ੍ਰੇਸ਼ਨ ਜੋ ਕਿ ਬਾਘਾ-ਪੁਰਾਣਾ ਸ਼ਹਿਰ ਦੀ ਨਹਿਰੂ ਮੰਡੀ ਵਿਖੇ ਸਥਿਤ ਹੈ, ਵੱਲੋਂ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਅਤੇ ਲੋਕਾਂ ਦੇ ਬਾਹਰ ਜਾ ਕੇ ਘੁੰਮਣ ਦੇ ਸੁਪਨੇ ਨੂੰ ਬਹੁਤ ਹੀ ਜਲਦ ਉਡਾਣ ਦਿੱਤੀ ਜਾਂਦੀ ਹੈ। ਇਸ ਵਾਰ ਸੰਸਥਾ ਵੱਲੋਂ ਬਲਕਰਨ ਸਿੰਘ ਵਾਸੀ ਕੁੱਸਾ ਜ਼ਿਲ੍ਹਾ ਮੋਗਾ ਦਾ ਕੈਨੇਡਾ ਦੀ ਯੋਰਕਵਿਲੇ ਯੂਨੀਵਰਸਿਟੀ ਵੈਨਕੋਵਰ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦੇ ਸੁਪਨੇ ਨੂੰ ਉੱਚੀ ਉਡਾਣ ਦਿੱਤੀ ਗਈ ਹੈ। ਡਾਇਰੈਕਟਰ ਹਰਲਾਲ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਨੂੰ ਵੀਜ਼ੇ ਦੀ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆਂ ਕਿ ਪੜ੍ਹਾਈ ਵਿੱਚ ਵੱਧ ਤੋਂ ਵੱਧ ਗੈਪ ਵਾਲੇ ਵਿਦਿਆਰਥੀ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਦਾ ਵੀਜ਼ਾ ਵਾਰ-ਵਾਰ ਰਫਿਊਜ ਹੋ ਰਿਹਾ ਹੈ ਉਨ੍ਹਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ। ਸੰਸਥਾ ਵੱਲੋਂ ਵੀਜ਼ੇ ਸੰਬੰਧੀ ਤਸੱਲੀਬਖਸ਼ ਸਲਾਹ ਦੇ ਕੇ ਹੀ ਵੀਜ਼ਾ ਲਗਾਇਆ ਜਾਂਦਾ ਹੈ। ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ, ਸੁਪਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਏ ਜਾਂਦੇ ਹਨ।

ਸੁਨਾਮ ਤੋਂ ਸ਼ਰਧਾਲੂਆਂ ਦਾ ਪੰਜਵਾਂ ਜਥਾ ਰਵਾਨਾ

ਲੌਂਗੋਵਾਲ (ਕੁਲਦੀਪ ਅਤਰੀ, ਪ੍ਰਦੀਪ ਸਿੰਘ ਸੱਪਲ)-ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਦੀ ਸੁਵਿਧਾ ਲਈ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਵਿਧਾਨ ਸਭਾ ਹਲਕਾ ਸੁਨਾਮ ਤੋਂ ਪੰਜਵੇਂ ਗੇੜ ਤਹਿਤ 43 ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਸਮੇਤ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬੱਸ ਰਾਹੀਂ ਰਵਾਨਾ ਹੋਏ। ਇਸ ਮੌਕੇ ਜਥੇ ਵਿਚ ਸ਼ਾਮਲ ਸ਼ਰਧਾਲੂਆਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਵੀ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਚਾਰ ਵਾਰ ਹਲਕਾ ਸੁਨਾਮ ਦੇ ਸ਼ਰਧਾਲੂ ਇਸ ਸਕੀਮ ਤਹਿਤ ਦੇਸ਼ ਦੇ ਵੱਖ ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ, ਜਿਸ ਤਹਿਤ ਸੁਨਾਮ ਹਲਕੇ ਤੋਂ ਪਹਿਲਾ ਜਥਾ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ, ਦੂਜਾ ਜਥਾ ਸ੍ਰੀ ਸਾਲਾਸਰ ਧਾਮ ਅਤੇ ਸ੍ਰੀ ਖਾਟੂ ਸ਼ਿਆਮ, ਤੀਜਾ ਜਥਾ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਅਤੇ ਚੌਥਾ ਜਥਾ ਮਾਤਾ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ ਸੀ।ਅੱਜ ਗੁਰਦੁਆਰਾ ਸਾਹਿਬ ਮੰਡੇਰ ਕਲਾਂ ਤੋਂ ਜਥੇ ਨੂੰ ਐਸ.ਡੀ.ਐਮ ਸੁਨਾਮ ਪ੍ਰਮੋਦ ਸਿੰਗਲਾ ਦੀ ਤਰਫ਼ੋਂ ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਬੱਸ ਨੂੰ ਰਵਾਨਾ ਕੀਤੇ ਜਾਣ ਤੋਂ ਪਹਿਲਾਂ ਪ੍ਰਸ਼ਾਸਨ ਵੱਲੋਂ ਸਮੂਹ ਸ਼ਰਧਾਲੂਆਂ ਨੂੰ ਸਫ਼ਰ ਦੌਰਾਨ ਸਹੂਲਤ ਲਈ ਸਵਾਗਤੀ ਕਿੱਟ ਵੀ ਦਿੱਤੀ ਗਈ।ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਢਿੱਲੋਂ, ਬਲਾਕ ਪ੍ਰਧਾਨ ਜਗਰਾਜ ਸਿੰਘ, ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੁੱਖ, ਕੁਲਦੀਪ ਸਿੰਘ ਬਲਾਕ ਪ੍ਰਧਾਨ ਸ਼ੇਰੋਂ, ਮਨਜੀਤ ਸਿੰਘ ਢੱਡਰੀਆਂ, ਰਾਜਵੀਰ ਸਿੰਘ ਮੰਡੇਰ ਕਲਾਂ, ਸੰਜੀਵ ਕੁਮਾਰ ਸੰਜੂ, ਦਲਵੀਰ, ਗੋਬਿੰਦ ਸਿੰਘ ਦੁਲਟ ਵੀ ਹਾਜ਼ਰ ਸਨ।

ਪਿਸਤੌਲ ਦੀ ਨੋਕ 'ਤੇ 2 ਪੈਟਰੋਲ ਪੰਪ ਲੁੱਟੇ

ਕਾਲਾ ਸੰਘਿਆਂ (ਮਨਜੀਤ ਮਾਨ)

ਥਾਣਾ ਸਦਰ ਨਕੋਦਰ ਅਧੀਨ ਪੈਂਦੇ ਦੋ ਪੈਟਰੋਲ ਪੰਪਾਂ 'ਤੇ ਬਾਈਕ ਸਵਾਰ ਲੁਟੇਰਿਆਂ ਵੱਲੋਂ ਬੰਦੂਕ ਦੀ ਨੋਕ 'ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਗਏ। ਲੁਟੇਰਿਆਂ ਨੇ ਇੱਕ ਪੰਪ ਤੋਂ 2 ਲੱਖ ਰੁਪਏ ਅਤੇ ਦੂਜੇ ਪੰਪ ਤੋਂ 25 ਹਜ਼ਾਰ ਰੁਪਏ ਲੁੱਟ ਲਏ। ਪੁਲਸ ਨੂੰ ਸ਼ੱਕ ਹੈ ਕਿ ਦੋਵੇਂ ਵਾਰਦਾਤਾਂ ਇੱਕੋ ਗਰੋਹ ਨੇ ਕੀਤੀਆਂ ਹਨ। ਨਕੋਦਰ ਨੇੜੇ ਪਿੰਡ ਕੁਲਾਰਾ ਸਥਿਤ ਰਾਜ ਪੈਟਰੋਲ ਪੰਪ 'ਤੇ ਦੁਪਹਿਰ 2 ਵਜੇ ਦੇ ਕਰੀਬ ਲੁਟੇਰਿਆਂ ਨੇ ਪਹਿਲੀ ਲੁੱਟ ਨੂੰ ਅੰਜਾਮ ਦਿੱਤਾ ਤੇ ਲੁਟੇਰੇ ਪੈਟਰੋਲ ਪੰਪ ਦੇ ਕਰਿੰਦਿਆਂ ਕੋਲੋਂ 25 ਹਜ਼ਾਰ ਰੁਪਏ ਲੁੱਟ ਕੇ ਲੈ ਗਏ। ਪੈਟਰੋਲ ਪੰਪ ਮਾਲਕ ਨੇ ਲੁੱਟ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਪਿੰਡ ਕੁਲਾਰ ਦੇ ਇਸ ਪੈਟਰੋਲ ਪੰਪ 'ਤੇ ਪਿਛਲੇ ਸਾਲ 19 ਸਤੰਬਰ ਨੂੰ ਇਕ ਲੱਖ ਰੁਪਏ ਦੀ ਨਕਦੀ ਲੁੱਟ ਕੇ ਲੁਟੇਰੇ ਫਰਾਰ ਹੋਏ ਸਨ। ਇਸ ਦੇ ਨਾਲ ਹੀ ਸਦਰ ਥਾਣੇ ਅੰਦਰ ਆਉਂਦੇ ਪਿੰਡ ਕੰਗ ਸਾਹਬੂ ਸਥਿਤ ਦੂਜੇ ਪੈਟਰੋਲ ਪੰਪ ਤੋਂ ਕਰੀਬ 2 ਲੱਖ ਰੁਪਏ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ। ਪੰਪ ਮਾਲਕ ਸੁਰਜੀਤ ਗੁਪਤਾ ਨੇ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ

ਉਹ ਸ਼ੁੱਕਰਵਾਰ ਸ਼ਾਮ ਨੂੰ ਪੈਟਰੋਲ ਪੰਪ ਦੇ ਦਫ਼ਤਰ ਵਿੱਚ ਹਿਸਾਬ-ਕਿਤਾਬ ਕਰ ਰਹੇ ਸਨ ਕਿ ਇਸ ਦੌਰਾਨ ਬਾਈਕ 'ਤੇ ਚਾਰ ਨੌਜਵਾਨ ਆਏ ਅਤੇ ਉਨ੍ਹਾਂ ਆਉਂਦੇ ਹੀ ਉਨ੍ਹਾਂ ਨੂੰ ਪਿਸਤੌਲ ਤਾਣ ਕੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਬਾਅਦ ਦਿਨ-ਰਾਤ ਦੀ ਵਿਕਰੀ ਦੇ ਕਰੀਬ 2 ਲੱਖ ਰੁਪਏ ਦੀ ਲੁੱਟ ਕੀਤੀ ਗਈ। ਲੁਟੇਰੇ ਬਿਨਾਂ ਨੰਬਰ ਪਲੇਟ ਦੇ ਬਾਈਕ 'ਤੇ ਆਏ ਸਨ। ਪੰਪ ਮਾਲਕ ਅਨੁਸਾਰ ਤਿੰਨ ਮੁਲਜ਼ਮਾਂ ਵਿੱਚੋਂ ਦੋ ਦੇ ਹੱਥਾਂ ਵਿੱਚ ਪਿਸਤੌਲ ਸਨ ਅਤੇ ਤੀਜੇ ਦੇ ਹੱਥ ਵਿੱਚ ਤੇਜ਼ਧਾਰ ਹਥਿਆਰ ਸੀ। ਲੁੱਟ ਦੀ ਵਾਰਦਾਤ ਦੀ ਸੂਚਨਾ ਥਾਣਾ ਸਦਰ ਨਕੋਦਰ ਦੀ ਪੁਲਸ ਨੂੰ ਦਿੱਤੀ ਗਈ। ਪੈਟਰੋਲ ਪੰਪ ਦੇ ਮਾਲਕ ਸੁਰਜੀਤ ਗੁਪਤਾ ਨੇ ਪੁਲਸ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜੇਕਰ ਪੁਲਸ ਨੇ ਦੁਪਹਿਰ ਵੇਲੇ ਹੋਈ ਲੁੱਟ-ਖੋਹ ਨੂੰ ਗੰਭੀਰਤਾ ਨਾਲ ਲੈਂਦਿਆਂ ਇਲਾਕੇ ਵਿੱਚ ਨਾਕਾਬੰਦੀ ਅਤੇ ਗਸ਼ਤ ਵਧਾ ਦਿੱਤੀ ਹੁੰਦੀ ਤਾਂ ਦੇਰ ਸ਼ਾਮ ਵਾਪਰੀ ਇਸ ਵਾਰਦਾਤ ਨੂੰ ਰੋਕਿਆ ਜਾ ਸਕਦਾ ਸੀ ।ਥਾਣਾ ਸਦਰ ਨਕੋਦਰ ਦੇ ਇੰਚਾਰਜ ਯਾਦਵਿੰਦਰ ਸਿੰਘ ਪੁਲਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ। ਪੁਲਸ ਨੇ ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ ਪੀ ਡੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਦੋਵੇਂ ਲੁੱਟ ਦੀਆਂ ਵਾਰਦਾਤਾਂ ਇੱਕੋ ਗਰੋਹ ਵੱਲੋਂ ਕੀਤੀਆਂ ਜਾਪਦੀਆਂ ਹਨ।

ਟਰ

21-JAN-PAGE-3-Majha-24.qxd 1/20/2024 11:03 PM Page 1

ਕਮਰੇ ਦੀ ਛੱਤ ਡਿੱਗਣ ਕਾਰਨ ਇਕੋ ਪਰਵਾਰ ਦੇ 2 ਜੀਅ ਜ਼ਖਮੀ

* ਤਹਿਸੀਲਦਾਰ ਨੇ ਮੌਕੇ 'ਤੇ ਪਹੁੰਚ ਕੇ ਕੀਤੀ ਪੀੜਤ ਪਰਵਾਰ ਦੀ ਮਾਇਕ ਸਹਾਇਤਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬੀਤੀ ਰਾਤ ਕਰੀਬ 8 ਵਜੇ ਡੇਰਾ ਬਾਬਾ ਨਾਨਕ ਦੇ ਮੁਹੱਲਾ ਬਾਜੀ ਵਾਰਡ ਨੰਬਰ 3 ਦੀ ਰਹਿਣ ਵਾਲੀ ਪੂਨਮ (ਵਿਧਵਾ) ਪਤਨੀ ਸੁਖਬੀਰ ਸਿੰਘ ਦੇ ਘਰ ਦੀ ਛੱਤ ਡਿੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਦੌਰਾਨ 2 ਬੱਚੇ ਘਰ ਦੇ ਬਾਹਰ ਸਨ ਪਰ 2 ਔਰਤਾਂ ਛੱਤ ਹੇਠਾਂ ਆ ਕੇ ਜ਼ਖਮੀ ਹੋ ਗਈਆਂ ਤੇ ਕਮਰੇ ਵਿੱਚ ਪਿਆ ਘਰ ਦਾ ਸਾਰਾ ਸਾਮਾਨ ਵੀ ਨਸ਼ਟ ਹੋ ਗਿਆ। ਇਸ ਸਬੰਧੀ ਹਾਦਸੇ ਵਾਲੀ ਜਗ੍ਹਾ 'ਤੇ ਪੁੱਜੇ ਪੱਤਰਕਾਰਾਂ ਨੇ ਇਸ ਦੀ ਸੂਚਨਾ ਤੁਰੰਤ ਡੇਰਾ ਬਾਬਾ ਨਾਨਕ ਦੇ ਐੱਸਡੀਐੱਮ ਅਸ਼ਵਨੀ ਅਰੋੜਾ ਨੂੰ ਫੋਨ ਰਾਹੀਂ ਦਿੱਤੀ। ਉਸੇ ਸਮੇਂ ਹੀ ਐੱਸਡੀਐੱਮ ਅਸ਼ਵਨੀ ਅਰੋੜਾ ਨੇ ਗਰੀਬ ਪਰਿਵਾਰ ਨਾਲ ਹਮਦਰਦੀ ਕਰਦੇ ਹੋਏ ਤੁਰੰਤ ਤਹਿਸੀਲਦਾਰ ਹਰਸਿਮਰਨ ਸਿੰਘ ਨੂੰ ਘਟਨਾ ਵਾਲੀ ਜਗ੍ਹਾ 'ਤੇ ਜਾਇਜ਼ਾ ਲੈਣ ਲਈ ਭੇਜ ਦਿੱਤਾ। ਤਹਿਸੀਲਦਾਰ ਹਰਸਿਮਰਨ ਸਿੰਘ ਨੇ ਹਾਦਸੇ ਵਾਲੀ ਜਗ੍ਹਾ 'ਤੇ ਪਹੁੰਚ ਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਰਾਤ ਕਰੀਬ 8 ਵਜੇ ਮੁਹੱਲਾ ਬਾਜੀ ਵਾਰਡ ਨੰਬਰ 3 ਦੇ ਵਸਨੀਕ ਪੂਨਮ ਵਿਧਵਾ ਪਤਨੀ ਸੁਖਬੀਰ ਸਿੰਘ ਦੇ ਘਰ ਵਿੱਚ ਕਮਰੇ ਦੀ ਛੱਤ ਡਿੱਗ ਗਈ, ਕਮਰੇ ਵਿੱਚ ਪੂਨਮ ਅਤੇ ਉਸ ਦੀ ਸੱਸ ਨਿਰਮਲਜੀਤ ਕੌਰ ਆਪਣੇ ਬੈੱਡ ਤੇ ਲੰਮੇ ਪਏ ਹੋਏ ਸਨ ਕਿ ਅਚਾਨਕ ਉਨ੍ਹਾਂ ਦੇ ਕਮਰੇ ਦੀ ਛੱਤ ਡਿੱਗ ਗਈ। ਛੱਤ ਦਾ ਸਾਰਾ ਮਲਬਾ ਵੀ ਉਨ੍ਹਾਂ ਦੇ ਉੱਤੇ ਡਿੱਗ ਗਿਆ ਤੇ ਉਹ

ਮਿੱਟੀ ਹੇਠਾਂ ਦੱਬੇ ਗਏ ਤੇ ਕਮਰੇ ਦਾ ਦਰਵਾਜ਼ਾ ਵੀ ਮਲਬੇ ਨਾਲ ਬੰਦ ਹੋ ਗਿਆ। ਉਨ੍ਹਾਂ ਕਿਹਾ ਕਿ ਛੱਤ ਹੇਠਾਂ ਆਉਣ ਨਾਲ ਇਸ ਪਰਿਵਾਰ ਦਾ ਘਰੇਲੂ ਸਾਮਾਨ ਬੁਰੀ ਤਰਾਂ ਨਸ਼ਟ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਘਰ ਵਿੱਚ ਮੌਜੂਦ ਦੂਸਰੇ ਪਰਿਵਾਰ ਦੇ ਲੋਕਾਂ ਵੱਲੋਂ ਰੌਲਾ ਪਾਉਣ ਨਾਲ ਮੁਹੱਲੇ ਦੇ ਲੋਕ ਇਕੱਠੇ ਹੋ ਗਏ। ਲੋਕਾਂ ਵੱਲੋਂ ਪਰਿਵਾਰ ਦੀ ਮਦਦ ਨਾਲ ਕਮਰੇ ਦਾ ਦਰਵਾਜ਼ਾ ਤੋੜ ਕੇ ਦੋਵਾਂ ਔਰਤਾਂ ਨੂੰ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਦੱਸਿਆਂ ਕਿ ਮੇਰੇ ਵੱਲੋਂ ਮੌਕੇ 'ਤੇ ਆਣ ਕੇ ਸਥਿਤੀ ਦਾ ਜਾਇਜ਼ਾ ਲੈ ਕੇ ਐੱਸਡੀਐੱਮ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਪੀੜਤ ਪਰਿਵਾਰ ਦੀ ਪ੍ਰਸ਼ਾਸਨ ਵੱਲੋਂ ਹਰ ਪ੍ਰਕਾਰ ਦੀ ਮਦਦ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮੌਕੇ 'ਤੇ ਪੁਹੰਚੇ ਅਧਿਕਾਰੀਆਂਵੱਲੋਂ ਗਰੀਬ ਪਰਿਵਾਰ ਨਾਲ ਹਮਦਰਦੀ ਕਰਦੇ ਹੋਏ ਆਪਣੀ ਜੇਬ ਵਿੱਚੋਂ ਦਸ ਹਜ਼ਾਰ ਦੀ ਮਾਇਕ ਸਹਾਇਤਾ ਮੌਕੇ 'ਤੇ ਹੀ ਦਿੱਤੀ ਗਈ ਤੇ ਪਰਿਵਾਰ ਨੂੰ ਸਰਕਾਰ ਕੋਲੋਂ ਮੁਆਵਜ਼ੇ ਦਿਵਾਉਣ ਸਬੰਧੀ ਦਰਸਾਖਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਭੇਜ ਦਿੱਤੀ ਗਈ। ਇਸ ਮੌਕੇ ਗਰੀਬ ਪੀੜਤ ਪਰਿਵਾਰ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਕੋਲੋਂ ਮੰਗ ਕੀਤੀ ਕਿ ਸਾਡੇ ਕੋਲ ਇੱਕ ਹੀ ਕਮਰਾ ਸੀ ਉਸ ਦੀ ਵੀ ਛੱਤ ਡਿੱਗ ਪਈ ਹੈ। ਇਸ ਲਈ ਸਾਡੀ ਮਦਦ ਕਰਦੇ ਹੋਏ ਸਾਡੇ ਘਰ ਦਾ ਨਿਰਮਾਣ ਕਰਵਾਇਆ ਜਾਵੇ। ਇਸ ਮੌਕੇ ਮਹਿੰਦਰ ਪਾਲ, ਪਟਵਾਰੀ ਹਰਪ੍ਰੀਤ ਸਿੰਘ ਲਾਲੀ, ਪਟਵਾਰੀ ਹਰਪ੍ਰੀਤ ਸਿੰਘ ਫੌਜੀ, ਸੈਕਟਰੀ ਬਿਕਰਮਜੀਤ ਸਿੰਘ, ਮਨਮੀਤ ਸਿੰਘ, ਇਕਬਾਲ ਸਿੰਘ, ਕੁਲਵਿੰਦਰ ਸਿੰਘ, ਗੁਰਵਿੰਦਰ ਸਿੰਘ, ਰਾਜੀਵ ਕੁਮਾਰ, ਨਰਿੰਦਰ ਕੌਰ, ਚਰਨਜੀਤ ਕੌਰ, ਸੁਮਨ, ਅਵਤਾਰ ਸਿੰਘ, ਮਸੂਦ, ਹੀਰਾ ਲਾਲ, ਹੰਸ ਰਾਜ ਅਤੇ ਸੇਠੀ ਆਦਿ ਹਾਜ਼ਰ ਸਨ ।

ਟਰੈਕਟਰ ਹੇਠਾਂ ਆਉਣ ਨਾਲ ਔਰਤ ਦੀ ਮੌਤ, ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਭੈਣੀ ਮੀਆਂ ਖਾਂ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਜੇਸ਼ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਜਾਗੋਵਾਲ ਬੇਟ ਨੇ ਦੱਸਿਆ ਕਿ 19.01.2024 ਨੂੰ ਮੇਰੀ ਭਰਜਾਈ ਕੁਲਵੰਤ ਕੌਰ (43) ਪਤਨੀ ਰਕੇਸ਼ ਕੁਮਾਰ ਵਾਸੀ ਜਾਗੋਵਾਲ ਬੇਟ ਆਪਣੇ ਮੋਟਰਸਾਈਕਲ ਨੰਬਰੀ PB06AX5117 'ਤੇ ਸਵਾਰ ਹੋ ਕੇ ਆਪਣੇ ਲੜਕੇ ਅੰਸ਼ਦੀਪ ਜੋ ਜੀਵਨ ਜੋਤੀ ਸਕੂਲ ਵਿੱਚ ਅੱਠਵੀਂ ਕਲਾਸ ਵਿੱਚ ਪੜਦਾ ਹੈ, ਨੂੰ ਛੱਡਣ ਲਈ ਜਾ ਰਿਹਾ ਸੀ। ਬਲਵੰਡਾ ਮੋੜ ਲਾਗੇ ਪਹੁੰਚੇ ਤਾਂ ਅੱਗੇ ਜਾ ਰਹੀ ਟਰੈਕਟਰ ਟਰਾਲੀ ਜੋ ਗੰਨੇ ਨਾਲ ਲੱਦੀ ਹੋਈ ਸੀ, ਨੂੰ ਕਰਾਸ ਕਰਨ ਲੱਗੇ ਤਾਂ ਟਰੈਕਟਰ ਦੇ ਡਰਾਈਵਰ ਹਰਦੀਪ ਸਿੰਘ ਨੇ ਟਰੈਕਟਰ ਲਾਪ੍ਰਵਾਹੀ ਨਾਲ ਭਜਾਇਆ ਅਤੇ ਇੱਕਦਮ ਕੱਟ ਮਾਰਿਆ ਜਿਸ ਨਾਲ ਮੋਟਰਸਾਈਕਲ ਟਰਾਲੀ ਵਿੱਚ ਲੱਦੇ ਗੰਨਿਆਂ ਨਾਲ ਵੱਜਣ ਕਰਕੇ ਡਿੱਗ ਪਿਆ ਅਤੇ ਕੁਲਵੰਤ ਕੌਰ ਟਰਾਲੀ ਦੇ ਟਾਇਰਾਂ ਥੱਲੇ ਆ ਗਈ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੀੜਤ ਦਾ ਭਤੀਜਾ ਮੋਟਰਸਾਈਕਲ ਤੋਂ ਦੂਸਰੇ ਪਾਸੇ ਡਿੱਗ ਪਿਆ ਜਿਸ ਨਾਲ ਉਸ ਦਾ ਬਚਾਅ ਹੋ ਗਿਆ। ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਟਰੈਕਟਰ ਚਾਲਕ ਖ਼ਿਲਾਫ਼ 304 ਏ, 279, 427 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26 ਨੂੰ ਕਲਾਨੌਰ 'ਚ ਟਰੈਕਟਰ ਮਾਰਚ

ਕਲਾਨੌਰ (ਮਨਦੀਪ ਕੋਹਲੀ)-ਅੱਜ ਸੰਯੁਕਤ ਕਿਸਾਨ ਮੋਰਚਾ ਤਹਿਸੀਲ ਕਲਾਨੌਰ ਦੀ ਮੀਟਿੰਗ ਜਮਹੂਰੀ ਕਿਸਾਨ ਸਭਾ ਦੇ ਸਥਾਨਕ ਦਫਤਰ ਵਿਖੇ ਸਾਥੀ ਬਲਜੀਤ ਸਿੰਘ ਗੁਰਾਇਆ, ਅਸ਼ਵਨੀ ਕੁਮਾਰ ਲੱਖਣ ਕਲਾਂ, ਪਲਵਿੰਦਰ ਸਿੰਘ ਕਿਲਾ ਨੱਥੂ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ 26 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ ਤੇ ਕਲਾਨੌਰ ਵਿਖੇ ਵਿਸ਼ਾਲ ਟਰੈਕਟਰ ਪਰੇਡ ਕਰਨ ਦਾ ਫੈਸਲਾ ਕੀਤਾ ਗਿਆ।

ਫੈਸਲੇ ਅਨੁਸਾਰ 26 ਜਨਵਰੀ ਨੂੰ ਵੱਖ-ਵੱਖ ਪਿੰਡਾਂ ਵਿੱਚੋਂ ਟਰੈਕਟਰਾਂ ਦੇ ਜਥੇ ਸਵੇਰੇ 10 ਵਜੇ ਦੇ ਕਰੀਬ ਬਾਬਾ ਕਾਰ ਜੀ ਸਟੇਡੀਅਮ ਵਿਖੇ ਪਹੁੰਚਣਗੇ ਸਟੇਡੀਅਮ ਵਿੱਚ ਪਰੇਡ ਤੋਂ ਬਾਅਦ ਕਲਾਨੌਰ ਦੇ ਚਾਰ ਚੁਫੇਰੇ ਵੀ ਵਿਸ਼ਾਲ ਟਰੈਕਟਰ ਪਰੇਡ ਕੀਤੀ ਜਾਵੇਗੀ।ਮੀਟਿੰਗ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇ ਫਸਲਾਂ 'ਤੇ ਐੱਮਐੱਸਪੀ ਤੇ ਹੋਰ ਕਿਸਾਨੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਰਕਾਰਾਂ ਵੱਡੇ ਕਿਸਾਨ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਹਰ ਕਿਸਾਨ ਅਪਣਾ ਫਰਜ਼ ਸਮਝਦਿਆਂ ਹੋਇਆਂ ਇਸ ਵਿਸ਼ਾਲ ਪਰੇਡ ਵਿੱਚ ਸ਼ਾਮਿਲ ਹੋਵੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਰਦਾਰ ਹਰਜੀਤ ਸਿੰਘ ਕਾਹਲੋਂ, ਲੱਖਾ ਸਿੰਘ ਬਖਤਪੁਰ, ਗੁਰਵਿੰਦਰ ਸਿੰਘ ਅਟਾਰੀ, ਗੁਰਜੀਤ ਸਿੰਘ ਬੁਲਾਰੀਆ, ਵੀਰ ਸਿੰਘ ਕਲਾਨੌਰ, ਮਾਸਟਰ ਸਰਦੂਲ ਸਿੰਘ ਬਰੀਲਾ, ਬਲਰਾਜ ਸਿੰਘ ਬਿਸ਼ਨਕੋਟ, ਨਿਰਮਲ ਸਿੰਘ ਬਿੱਟੂ ਕਲਾਨੌਰ, ਦਲਜੀਤ ਸਿੰਘ ਤਲਵੰਡੀ, ਮੰਗਲ ਸਿੰਘ ਅਟਾਰੀ, ਜਰਨੈਲ ਸਿੰਘ ਆਦਿ ਸ਼ਾਮਿਲ ਹੋਏ ।

ਜਸਕੀਰਤ ਸਿੰਘ ਨੇ ਯੂ. ਜੀ. ਸੀ. ਨੈੱਟ ਪ੍ਰੀਖਿਆ ਪਾਸ ਕੀਤੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਦੇ ਬੈਚਲਰ ਇਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ ਦੇ ਵਿਦਿਆਰਥੀ ਜਸਕੀਰਤ ਸਿੰਘ ਨੇ ਪੱਤਰਕਾਰੀ ਅਤੇ ਜਨ ਸੰਚਾਰ 'ਚ ਯੂ. ਜੀ. ਸੀ. ਨੈੱਟ ਪ੍ਰੀਖਿਆ ਪਾਸ ਕੀਤੀ ਹੈ। ਉਹ 2019 'ਚ ਪਾਸ ਆਊਟ ਹੋ ਕੇ ਇਸ ਸਮੇਂ ਕਾਲਜ ਵਿਖੇ ਹੀ ਬਤੌਰ ਅਸਿਸਟੈਂਟ ਪ੍ਰੋਫੈਸਰ ਵਜੋਂ ਸੇਵਾ ਨਿਭਾਅ ਰਹੇ ਹਨ। ਇਸ ਮੌਕੇ ਕਾਲਜ ਪ੍ਰਿੰ. ਡਾ. ਮਹਿਲ ਸਿੰਘ ਨੇ ਜਸਕੀਰਤ ਸਿੰਘ ਨੂੰ ਵਧਾਈ ਦਿੰਦਿਆਂ ਵਿਭਾਗ ਦੇ ਮੁਖੀ ਅਤੇ ਫੈਕਲਟੀ ਦੁਆਰਾ ਕੀਤੀ ਗਈ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਾਲਜ ਵਿਦਿਆਰਥੀਆਂ ਲਈ ਉਚੇਰੀ ਸਿੱਖਿਆ 'ਚ ਉਨ੍ਹਾਂ ਦੇ ਸਫ਼ਰ 'ਚ ਹਮੇਸ਼ਾ ਮਦਦ ਲਈ ਸਹਿਯੋਗੀ ਰਹਿੰਦਾ ਹੈ। ਇਸ ਮੌਕੇ ਵਿਭਾਗ ਮੁੱਖੀ ਸਾਨੀਆ ਅਰੋੜਾ ਨੇ ਜਸਕੀਰਤ ਨੂੰ ਵਧਾਈ ਦਿੰਦਿਆਂ ਉਸ ਦੁਆਰਾ ਕੀਤੀ ਗਈ ਮਿਹਨਤ ਦੀ ਸ਼ਲਾਘਾ ਕੀਤੀ। ਇਸ ਮੌਕੇ ਜਸਕੀਰਤ ਸਿੰਘ ਨੇ ਪ੍ਰਿੰ: ਡਾ. ਮਹਿਲ ਸਿੰਘ ਅਤੇ ਆਪਣੇ ਸਾਥੀ ਅਧਿਆਪਕਾਂ ਦਾ ਧੰਨਵਾਦ ਕੀਤਾ ਕਿ ਉਸ ਨੂੰ ਕਾਲਜ ਵਿਖੇ ਅਕਾਦਮਿਕ ਮਾਹੌਲ ਮਿਲਿਆ, ਜਿਸ ਕਰਕੇ ਉਹ ਇਹ ਪ੍ਰੀਖਿਆ ਪਾਸ ਕਰਨ 'ਚ ਕਾਮਯਾਬ ਹੋਇਆ ਹੈ।

ਆਲ ਇੰਡੀਆ ਆਸ਼ਾ ਵਰਕਰ/ਫੈਸਿਲੀਟੇਟਰਜ਼ ਯੂਨੀਅਨ ਏਟਕ ਗਰੁੱਪ ਦੀ ਮੀਟਿੰਗ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਨਿਗੂਣੀਆਂ ਤਨਖਾਹਾਂ ਤੇ ਗੁਜ਼ਾਰਾ ਕਰਨ ਵਾਲੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਜ਼ ਕੋਲੋਂ ਹਰ ਸਾਲ 26 ਜਨਵਰੀ ਗਣਤੰਤਰ ਦਿਵਸ ਮੌਕੇ ਤਰੰਗਾ ਵਸੂਲੀ ਕੀਤੀ ਜਾਂਦੀ ਹੈ। ਆਲ ਇੰਡੀਆ ਆਸ਼ਾ ਵਰਕਰ ਅਤੇ ਫੈਸਿਲੀਟੇਟਰਜ਼ ਯੂਨੀਅਨ ਏਟਕ ਗਰੁੱਪ ਦੀ ਮੀਟਿੰਗ ਵਿਸ਼ਰਾਮ ਘਰ ਹਰੀਕੇ ਵਿਖੇ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਆਖਿਆ ਕਿ ਉਨ੍ਹਾਂ ਕੋਲੋਂ ਹਰ ਸਾਲ 26 ਜਨਵਰੀ ਮੌਕੇ ਝੰਡਾ ਫੰਡ ਪ੍ਰਤੀ ਆਸ਼ਾ ਵਰਕਰ 25 ਰੁਪਏ ਵਸੂਲ ਕੀਤੇ ਜਾਂਦੇ ਹਨ ਜੋ ਕਿ ਬੰਦ ਕੀਤਾ ਜਾਵੇ। ਮਨਜਿੰਦਰ ਕੌਰ ਨੇ ਸਰਕਾਰ ਤੋਂ ਮੰਗ ਕੀਤੀ ਕਿ ਝੰਡਾ ਵਸੂਲੀ ਤਾਂ ਬੰਦ ਕੀਤੀ ਹੀ ਜਾਵੇ, ਇਸਦੇ ਨਾਲ ਉਨ੍ਹਾਂ ਨੂੰ ਪੱਕਿਆਂ ਕਰਕੇ ਉਨ੍ਹਾਂ ਦੀਆਂ ਹੱਕੀ ਮੰਗਾਂ ਵੀ ਪ੍ਰਵਾਨ ਕੀਤੀਆਂ ਜਾਣ ।ਮੀਟਿੰਗ ਮੌਕੇ ਨਵੀਂ ਚੁਣੀ ਬਲਾਕ ਪ੍ਰਧਾਨ ਅਮਨਦੀਪ ਕੌਰ ਤਲਵੰਡੀ ਨੂੰ ਵਰਕਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਸੀਮਾ ਸੋਹਲ, ਮੀਤ ਪ੍ਰਧਾਨ ਸਰਬਜੀਤ ਕੌਰ, ਖਜਾਨਚੀ ਰਾਜਵਿੰਦਰ ਕੌਰ, ਬਲਾਕ ਪ੍ਰਧਾਨ ਅਮਨਦੀਪ ਕੌਰ, ਸੈਕਟਰੀ ਵੀਰਪਾਲ ਕੌਰ, ਗੁਰਵੰਤ ਕੌਰ ਮੀਆਂਵਿੰਡ, ਰਾਜਵਿੰਦਰ ਕੌਰ ਘਰਿਆਲਾ, ਮਮਤਾ ਰਾਣੀ, ਮਨਜੀਤ ਕੌਰ ਕਿਰਤੋਵਾਲ, ਪਰਮਿੰਦਰ ਕੌਰ, ਗੁਰਪ੍ਰੀਤ ਕੌਰ ਅਤੇ ਰਣਜੀਤ ਕੌਰ ਕੋਟਦਾਤਾ ਆਦਿ ਹਾਜ਼ਰ ਸਨ।

ਮਾਨਕੋਰ ਤੋਂ ਸਬਜ਼ੀ ਮੰਡੀ ਨੂੰ ਜਾਣ ਵਾਲੀ ਸੜਕ ਦੀ ਹਾਲਤ ਖਸਤਾ, ਮਹਿਕਮਾ ਧਿਆਨ ਦੇਵੇ

ਗੁਰਦਾਸਪੁਰ (ਜਨਕ ਮਹਾਜਨ)-ਪਿੰਡ ਮਾਨਕੋਰ ਤੋਂ ਪਠਾਨਕੋਟ ਬਾਈਪਾਸ ਤੇ ਸਬਜ਼ੀ ਮੰਡੀ ਨੂੰ ਜਾਣ ਵਾਲੀ ਮੁੱਖ ਸੜਕ ਕੁਝ ਦੇਰ ਪਹਿਲਾਂ ਹੀ ਬਣਾਈ ਗਈ ਸੀ ਅਤੇ ਉਹ ਭਾਰੀ ਮੀਂਹ ਪੈਣ ਕਾਰਨ ਥਾਂ-ਥਾਂ ਤੋਂ ਬਹੁਤ ਬੁਰੀ ਤਰ੍ਹਾਂ ਨਾਲ ਟੁੱਟ ਚੁੱਕੀ ਹੈ ਅਤੇ ਜੋ ਸੀਵਰੇਜ ਦੀਆਂ ਪਾਈਪਾਂ ਸੜਕ ਵਿਚਕਾਰ ਪਾਈਆਂ ਸਨ ਉਨ੍ਹਾਂ ਦੇ ਗਟਰ ਹੇਠਾਂ ਧੱਸ ਜਾਣ ਨਾਲ ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਹੋਣ ਦਾ ਖਦਸ਼ਾ ਹੈ। ਇਸ ਸਬੰਧੀ ਬਹੁਤ ਸਾਰੇ ਦੁਕਾਨਦਾਰਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਹੀ ਲੱਖਾਂ, ਕਰੋੜਾਂ ਰੁਪਏ ਦੀ ਲਾਗਤ ਨਾਲ ਠੇਕੇਦਾਰਾਂ ਵੱਲੋਂ ਇਹ ਸੜਕ ਬਣਾਈ ਗਈ ਸੀ। ਘਟੀਆ ਸਮੱਗਰੀ ਵਰਤਣ ਕਰਕੇ ਇਹ ਸੜਕ ਥਾਂ-ਥਾਂ ਤੋਂ ਟੁੱਟ ਜਾਣ ਕਰਕੇ ਆਵਜਾਈ ਵਿਚ ਕਾਫ਼ੀ ਵਿਘਨ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਦੇ ਧਿਆਨ ਹਿਤ ਲਿਆਉਣ ਦੇ ਬਾਵਜੂਦ ਅਜੇ ਤੀਕ ਸੜਕ ਦੀ ਮੁਰੰਮਤ ਨਹੀਂ ਕਰਵਾਈ ਗਈ ਅਤੇ ਲੋਕਾਂ ਦਾ ਮਹਿਕਮੇ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਲੋਕ ਨਿਰਮਾਣ ਵਿਭਾਗ ਨੂੰ ਹਦਾਇਤਾਂ ਕਰਕੇ ਹੇਠਾਂ ਧੱਸੇ ਗਟਰ ਅਤੇ ਟੁੱਟੀ ਸੜਕ ਦੀ ਤੁਰੰਤ ਮੁਰੰਮਤ ਕਰਵਾ ਕੇ ਲੋਕਾਂ ਨੂੰ ਨਿਜਾਤ ਦਿਵਾਈ ਜਾਵੇ।

ਸਤਨਾਮ ਸਿੰਘ ਮਾਂਗਾ ਸਗਾਏ ਨਾਲ ਦੁੱਖ ਦਾ ਪ੍ਰਗਟਾਵਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਹਲਕਾ ਮਜੀਠਾ ਦੇ ਪਿੰਡ ਮਾਂਗਾ ਸਗਾਏ ਦੇ ਸੀਨੀਅਰ ਆਪ ਆਗੂ ਸਤਨਾਮ ਸਿੰਘ ਮਾਗਾ ਸਗਾਏ ਜਿਨਾਂ ਦੇ ਪਿਤਾ ਜਗੀਰ ਸਿੰਘ ਸ਼ਾਹ ਦਾ ਅਚਾਨਕ ਦਿਹਾਂਤ ਹੋ ਗਿਆ ਸੀ, 'ਤੇ ਵੱਖ-ਵੱਖ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸੇ ਤਰ੍ਹਾਂ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ, ਜਗਦੀਪ ਸਿੰਘ ਗੋਗਾ ਮਜੀਠਾ, ਸਾਬਕਾ ਸਰਪੰਚ ਬਲਜੀਤ ਸਿੰਘ ਖਿੱਦੋਵਾਲੀ, ਸਾਬਕਾ ਸਰਪੰਚ ਦਿਲਬਾਗ ਸਿੰਘ ਵਡਾਲਾ ਜੌਹਲ, ਸਾਬਕਾ ਸਰਪੰਚ ਜਥੇਦਾਰ ਸਤਨਾਮ ਸਿੰਘ ਹਾਂਸ, ਸਮਾਜ ਸੇਵੀ ਆਗੂ ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ, ਇੰਸਪੈਕਟਰ ਕਸ਼ਮੀਰ ਸਿੰਘ ਮਾਂਗਾ ਸਗਾਏ, ਰਾਣਾ ਵਡਾਲਾ ਜੌਹਲ ਆਦਿ ਨੇ ਜਗੀਰ ਸਿੰਘ ਸ਼ਾਹ ਦੇ ਹੋਏ ਅਚਨਚੇਤ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

26 ਨੂੰ ਦਿੱਲੀ ਅੰਦੋਲਨ ਦੇ ਸ਼ਹੀਦਾਂ ਨੂੰ ਮੋਮਬੱਤੀ ਮਾਰਚ ਕਰਕੇ ਕਰਾਂਗੇ ਯਾਦ: ਸਭਰਾਂ

21-JAN-PAGE-4.qxd 1/20/2024 11:00 PM Page 1

ਜੇਕਰ ਹਫਤੇ 'ਚ ਬਿਜਲੀ ਸਪਲਾਈ ਨਾ ਸੁਧਾਰੀ ਤਾਂ ਕਰਾਂਗੇ ਸੜਕ ਜਾਮ : ਬਾਲਿਓਂ

ਸਮਰਾਲਾ (ਸੁਰਜੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਅਹੁਦੇਦਾਰ ਅਤੇ ਵਰਕਰ ਵੱਡੀ ਗਿਣਤੀ ਵਿੱਚ ਮੋਹਣ ਸਿੰਘ ਬਾਲਿਓਂ ਬਲਾਕ ਪ੍ਰਧਾਨ ਮਾਛੀਵਾੜਾ ਦੀ ਅਗਵਾਈ ਹੇਠ ਬਿਜਲੀ ਦੀ ਮਾੜੀ ਸਪਲਾਈ ਸਬੰਧੀ ਮੰਡਲ ਘੁਲਾਲ ਵਿਖੇ ਐਕਸੀਅਨ ਦੇ ਦਫਤਰ ਦਾ ਘਿਰਾਓ ਕਰਨ ਪੁੱਜੇ ਤਾਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਐਕਸੀਅਨ ਵੱਲੋਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ।ਮੋਹਣ ਸਿੰਘ ਬਾਲਿਓਂ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਬੀਤੇ ਕਾਫੀ ਦਿਨਾਂ ਤੋਂ ਬਿਜਲੀ ਦੀ ਸਪਲਾਈ ਬਹੁਤ ਘੱਟ ਆ ਰਹੀ ਹੈ, ਜਿਸ ਕਾਰਨ ਘਰੇਲੂ ਅਤੇ ਖੇਤੀਬਾੜੀ ਦੇ ਕੰਮ ਧੰਦੇ ਪ੍ਰਭਾਵਿਤ ਹੋਏ ਹਨ।ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਮੁਫਤ ਬਿਜਲੀ ਦੀ ਸਹੂਲਤ ਵੀ ਆਮ ਲੋਕਾਂ ਨੂੰ ਹੁਣ ਗਲ ਦਾ ਫੰਦਾ ਜਾਪਣ ਲੱਗੀ ਹੈ, ਇਸ ਵਾਰ ਸਰਦੀ ਦੇ ਮੌਸਮ ਵਿੱਚ ਸਵੇਰ ਸ਼ਾਮ ਲੰਬੇ ਲੰਬੇ ਬਿਜਲੀ ਕੱਟ ਲੱਗ ਰਹੇ ਹਨ, ਜਦੋਂ ਬਿਜਲੀ ਆਮ ਲੋਕਾਂ ਨੂੰ ਮਿਲਣੀ ਹੀ ਨਹੀਂ ਤਾਂ ਮੁਫਤ ਬਿਜਲੀ ਦੇਣ ਦਾ ਢਗਵੰਜ ਕਿਉਂ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੋ ਖੁਦ ਇੱਕ ਕਿਸਾਨ ਦੇ ਪੁੱਤਰ ਹਨ, ਉਹ ਕਿਸਾਨਾਂ ਦਾ ਵੀ ਦਰਦ ਨਹੀਂ ਸਮਝ ਰਹੇ। ਖੇਤਾਂ ਲਈ ਬਿਜਲੀ ਜੋ ਦਿੱਤੀ ਜਾ ਰਹੀ ਹੈ ਉਹ ਵੀ ਬਹੁਤ ਘੱਟ ਦਿੱਤੀ ਜਾ ਰਹੀ ਹੈ, ਜੇਕਰ ਬਿਜਲੀ ਦਿੱਤੀ ਵੀ ਜਾ ਰਹੀ ਹੈ ਉਹ ਵੀ ਰਾਤ ਵੇਲੇ ਛੱਡੀ ਜਾਂਦੀ ਹੈ, ਜਿਸ ਕਾਰਨ ਕਿਸਾਨ ਸਖਤ ਸਰਦੀ ਵਿੱਚ ਖੇਤਾਂ ਵਿੱਚ ਆਪਣੀਆਂ ਰਾਤਾਂ ਕੱਟਣ ਲਈ ਮਜਬੂਰ ਹਨ। ਉਨ੍ਹਾਂ ਅੱਗੇ ਕਿਹਾ ਕਿ ਸਮਰਾਲਾ ਹਲਕੇ ਵਿੱਚ ਵੀ ਬਿਜਲੀ ਦੀ ਸਪਲਾਈ ਦਾ ਅਤਿ ਮਾੜਾ ਹਾਲ ਹੈ। ਬੀ. ਕੇ. ਯੂ. (ਕਾਦੀਆਂ) ਵੱਲੋਂ ਬਿਜਲੀ ਦੀ ਮਾੜੀ ਸਪਲਾਈ ਸਬੰਧੀ ਕਿਸਾਨਾਂ ਨੂੰ ਪੇਸ਼ ਆ ਰਹੀ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਧਰਨਾ ਦਿੱਤਾ ਜਾਣਾ ਸੀ, ਪ੍ਰੰਤੂ ਯੂਨੀਅਨ ਦੇ ਵਫਦ ਨੂੰ ਐਕਸੀਅਨ ਸਮਰਾਲਾ ਨੇ ਵਿਸ਼ਵਾਸ ਦਿਵਾਇਆ ਕਿ ਬਿਜਲੀ ਦੇ ਉਤਪਾਦਨ ਵਿੱਚ ਘਾਟ ਆਉਣ ਕਾਰਨ, ਕਿਸਾਨਾਂ ਅਤੇ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪ੍ਰੰਤੂ ਆਉਂਦੇ ਇੱਕ ਹਫਤੇ ਦੇ ਅੰਦਰ ਅੰਦਰ ਬਿਜਲੀ ਸਪਲਾਈ ਸੁਚਾਰੂ ਢੰਗ ਨਾਲ ਬਹਾਲ ਹੋ ਜਾਵੇਗੀ। ਵਫਦ ਨੂੰ ਮਿਲੇ ਭਰੋਸੇ ਪਿੱਛੋਂ ਭਾਕਿਯੂ (ਕਾਦੀਆਂ) ਵੱਲੋਂ ਧਰਨਾ ਦੇਣਾ ਮੁਅੱਤਲ ਕੀਤਾ ਗਿਆ ਅਤੇ ਚਿਤਾਵਨੀ ਦਿੱਤੀ ਗਈ ਜੇਕਰ ਇੱਕ ਹਫਤੇ ਦੇ ਅੰਦਰ ਅੰਦਰ ਬਿਜਲੀ ਸਪਲਾਈ ਵਿੱਚ ਸੁਧਾਰ ਨਾ ਹੋਇਆ ਤਾਂ ਬੀ. ਕੇ. ਯੂ. (ਕਾਦੀਆਂ) ਪੀ.ਐਸ. ਪੀ. ਸੀ. ਐਲ. ਘੁਲਾਲ ਦੇ ਦਫਤਰ ਨੂੰ ਘੇਰ ਕੇ ਸੜਕ ਜਾਮ ਕਰ ਦੇਵੇਗੀ, ਜਿਸ ਦੀ ਸਾਰੀ ਜ਼ਿੰਮੇਵਾਰੀ ਬਿਜਲੀ ਬੋਰਡ ਦੀ ਹੋਵੇਗੀ। ਮੀਟਿੰਗ ਮੌਕੇ ਮੋਹਣ ਸਿੰਘ ਬਾਲਿਓਂ ਬਲਾਕ ਪ੍ਰਧਾਨ ਮਾਛੀਵਾੜਾ, ਕੁਲਦੀਪ ਸਿੰਘ ਗੜ੍ਹੀ ਜ਼ਿਲ੍ਹਾ ਮੀਤ ਪ੍ਰਧਾਨ, ਸਨੀ ਪੰਜੇਟਾ ਪ੍ਰਧਾਨ ਮਾਂਗਟ ਬਲਾਕ, ਗੁਰਜੀਤ ਸਿੰਘ ਜ਼ਿਲ੍ਹਾ ਪ੍ਰੈਸ ਸਕੱਤਰ, ਬਹਾਦਰ ਸਿੰਘ ਰੋਹਲੇ ਬਲਾਕ ਮੀਤ ਪ੍ਰਧਾਨ, ਸਤਵੀਰ ਸਿੰਘ ਸਰਵਰਪੁਰ, ਨਛੱਤਰ ਸਿੰਘ ਬੌਦਲੀ, ਕਰਮਜੀਤ ਸਿੰਘ ਬੌਦਲੀ, ਨੇਤਰ ਸਿੰਘ ਉਟਾਲਾਂ, ਦਰਸ਼ਨ ਸਿੰਘ ਰੋਹਲੇ, ਲਖਵੀਰ ਸਿੰਘ ਬਾਲਿਓਂ, ਜਗਜੀਤ ਸਿੰਘ ਸਰਕਲ ਪ੍ਰਧਾਨ, ਮਨਪ੍ਰੀਤ ਸਿੰਘ ਬੌਦਲੀ, ਹਰਬੰਸ ਸਿੰਘ ਖੀਰਨੀਆਂ, ਜਤਿੰਦਰ ਸਿੰਘ ਢੰਡਾ, ਸੁਖਵਿੰਦਰ ਸਿੰਘ ਜਲਾਹਮਾਜਰਾ, ਬਲਦੇਵ ਸਿੰਘ ਬੌਦਲੀ, ਜਸਪ੍ਰੀਤ ਸਿੰਘ ਬੌਦਲੀ, ਬਲਵਿੰਦਰ ਸਿੰਘ ਮੁਸ਼ਕਾਬਾਦ, ਅਮਨ ਮੁਸ਼ਕਾਬਾਦ, ਭੋਲਾ ਸਿੰਘ ਸਹਿਜੋਮਾਜਰਾ, ਬਲਵੰਤ ਸਿੰਘ ਸਹਿਜੋਮਾਜਰਾ ਆਦਿ ਤੋਂ ਇਲਾਵਾ ਬਲਾਕ ਮਾਛੀਵਾੜਾ ਅਤੇ ਸਮਰਾਲਾ ਦੇ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਬੇਰੁਜ਼ਗਾਰ ਸਾਂਝਾ ਮੋਰਚਾ 26 ਨੂੰ ਲੁਧਿਆਣਾ ਵਿਖੇ ਕਰੇਗਾ ਮੁੱਖ ਮੰਤਰੀ ਦਾ ਘਿਰਾਓ : ਰਮਨ ਕੁਮਾਰ

ਮਲੋਟ (ਗੁਰਮੀਤ ਸਿੰਘ ਮੱਕੜ)-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਮੌਕੇ ਪੰਜਾਬ ਦੇ ਵੱਖ-ਵੱਖ ਵਰਗਾਂ ਸਮੇਤ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਜਿਹੜੇ ਕਿ ਕਰੀਬ ਦੋ ਸਾਲ ਵਿਚ ਲਾਰੇ ਸਾਬਿਤ ਹੋ ਚੁੱਕੇ ਹਨ। ਪੰਜਾਬ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਬੇਰੁਜ਼ਗਾਰਾਂ ਨੇ 'ਬੇਰੁਜ਼ਗਾਰ ਸਾਂਝੇ ਮੋਰਚੇ' ਦੀ ਅਗਵਾਈ ਵਿਚ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਰੋਹ ਵਿਚ ਲੁਧਿਆਣਾ ਵਿਖੇ ਝੰਡਾ ਲਹਿਰਾਉਣ ਆ ਰਹੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਬੇਰੁਜ਼ਗਾਰ ਸਾਂਝੇ ਮੋਰਚੇ ਦੇ ਸੂਬਾ ਆਗੂ ਰਮਨ ਕੁਮਾਰ ਮਲੋਟ ਨੇ ਦੱਸਿਆ ਕਿ ਸਰਕਾਰ ਨੇ ਦੋ ਸਾਲ ਵਿਚ ਸਿੱਖਿਆ ਵਿਭਾਗ ਵਿਚ ਲੈਕਚਰਾਰ, ਈ.ਟੀ.ਟੀ, ਮਾਸਟਰ ਕੇਡਰ ਦੇ ਕਿਸੇ ਵੀ ਵਿਸ਼ੇ ਦੀ ਇੱਕ ਵੀ ਅਸਾਮੀ ਨਹੀਂ ਕੱਢੀ। ਉਨ੍ਹਾਂ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਮੌਕੇ ਜਾਰੀ 343 ਲੈਕਚਰਾਰ ਦੀਆਂ ਅਸਾਮੀਆਂ ਦੀ ਭਰਤੀ ਰੱਦ ਕਰਨ ਮਗਰੋਂ ਰਹਿੰਦੇ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਸ਼ਾਮਲ ਕਰਕੇ ਅਜੇ ਤੱਕ ਕੋਈ ਇਸ਼ਤਿਹਾਰ ਜਾਰੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਆਰਟ ਐਂਡ ਕਰਾਫਟ ਅਧਿਆਪਕਾਂ ਦੀ ਭਰਤੀ ਲਈ 250 ਅਸਾਮੀਆਂ ਦੀ ਪ੍ਰੀਖਿਆ ਲਈ ਜਾ ਰਹੀ ਹੈ ਨਾ ਹੀ ਪ੍ਰਾਇਮਰੀ ਕੇਡਰ ਵਿਚ 2000 ਪੋਸਟਾਂ ਦੀ ਭਰਤੀ ਦਾ ਨਵਾਂ ਇਸ਼ਤਿਹਾਰ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੋ ਸਾਲ ਹੋ ਗਏ ਉਮਰ ਹੱਦ ਵਿਚ ਛੋਟ ਦੇਣ ਦਾ ਲਾਰਾ ਲਾਉਂਦਿਆਂ, ਪ੍ਰੰਤੂ ਵਾਅਦੇ ਅਨੁਸਾਰ ਸਿਹਤ ਵਿਭਾਗ ਵਿਚ ਕੋਈ ਭਰਤੀ ਨਹੀਂ ਕੀਤੀ ਅਤੇ ਨਾ ਹੀ ਲੈਕਚਰਾਰ, ਮਾਸਟਰ ਕਾਡਰ, ਈ.ਟੀ.ਟੀ ਭਰਤੀਆਂ ਵਿਚ ਉਮਰ ਹੱਦ ਛੋਟ ਦੇਣ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਕਰਕੇ ਭਰਤੀ ਦਾ ਇਸ਼ਤਿਹਾਰ ਦਿੱਤਾ ਗਿਆ ਹੈ। ਇਸ ਲਈ 26 ਜਨਵਰੀ ਨੂੰ ਮੁੱਖ ਮੰਤਰੀ ਮਾਨ ਨੂੰ ਘੇਰ ਕੇ ਉਕਤ ਲਾਰਿਆਂ ਬਾਰੇ ਪੁੱਛਿਆ ਜਾਵੇਗਾ।

ਦਸਮੇਸ਼ ਮਿਸ਼ਨ ਸਕੂਲ ਹਰੀ ਨੌ ਨੇ ਗੁਰਪੁਰਬ ਮਨਾਇਆ

ਕੋਟਕਪੂਰਾ (ਰਛਪਾਲ ਭੁੱਲਰ)-ਦਸਮੇਸ਼ ਮਿਸ਼ਨ ਹਰੀ ਨੌ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖ ਕੇ ਨਵੇਂ ਸਾਲ ਦੀ ਸ਼ੁਰੂਆਤ ਤੇ 1 ਜਨਵਰੀ ਨੂੰ ਸ਼ੁਰੂ ਕੀਤੇ ਗਏ ਸੁਖਮਨੀ ਸਾਹਿਬ ਦੇ 31 ਪਾਠਾਂ ਦੇ ਭੋਗ ਪਾਏ ਗਏ ਅਤੇ ਵਿਦਿਆਰਥੀਆਂ ਦੀ ਸੁੱਖ-ਸ਼ਾਂਤੀ ਅਤੇ ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਵੇ ਲਈ ਅਰਦਾਸ ਕੀਤੀ ਗਈ।ਬਲਜੀਤ ਸਿੰਘ ਐਮ.ਡੀ. ਨੇ ਦੱਸਿਆ ਕਿ ਹਰ ਰੋਜ਼ ਵਿਦਿਆਰਥੀਆਂ ਅਤੇ ਸਟਾਫ਼ ਦੁਆਰਾ ਮਿਲ ਕੇ ਪਾਠ ਕੀਤੇ ਜਾਂਦੇ ਸਨ।ਭੋਗ ਉਪਰੰਤ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਬਹੁਤ ਹੀ ਸਤਿਕਾਰ ਨਾਲ ਵਿਦਿਆਰਥੀਆਂ ਨੂੰ ਲੰਗਰ ਛਕਾਉਣ ਦੀ ਸੇਵਾ ਕੀਤੀ ਗਈ।ਇਸ ਮੌਕੇ ਸੁਰਿੰਦਰ ਕੌਰ ਡਾਇਰੈਕਟਰ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੱਲੋਂ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ।

ਤੰਵਰ ਦਾ ਪਾਰਟੀ ਛੱਡਣਾ ਕੋਈ ਅਲੌਕਿਕ ਘਟਨਾ ਨਹੀਂ : ਗੁਦਰਾਣਾ

ਸਿਰਸਾ (ਸੁਰਿੰਦਰ ਪਾਲ ਸਿੰਘ)-ਹਰਿਆਣਾ ਕਾਂਗਰਸ ਦੇ ਪ੍ਰਧਾਨ ਰਹੇ ਤੰਵਰ ਨੇ ਪਾਰਟੀ ਛੱਡ ਕੇ ਫਿਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪਾਰਟੀ ਟੀ ਐਮ ਸੀ ਦਾ ਝੰਡਾ ਲਹਿਰਾਇਆ ਅਤੇ ਹਰਿਆਣਾ ਵਿੱਚ ਦੀਦੀ ਦੀ ਪਾਰਟੀ ਦੇ ਪ੍ਰਧਾਨ ਬਣੇ ਤੇ ਕਰੀਬ 6 ਮਹੀਨਿਆਂ ਬਾਅਦ ਤੰਵਰ ਨੇ ਟੀ ਐਮ ਸੀ ਛੱਡ ਦਿੱਤੀ ਅਤੇ ਤੰਵਰ ਤੇਜ਼ੀ ਨਾਲ ਉਭਰ ਰਹੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਤੰਵਰ ਵਲੋਂ ਹੁਣ ਡੱਡੂ ਟਕੂਸੀ ਮਾਰ ਕੇ ਚੋਣਾਂ ਵਿਚ ਟਿਕਟ ਹਾਸਲ ਕਰਨ ਦੇ ਇਰਾਦੇ ਨਾਲ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਣ ਦੀ ਚਰਚਾ ਛੇੜ ਦਿੱਤੀ ਹੈ। ਚੋਣਾਂ ਤੋਂ ਪਹਿਲਾਂ ਅਸ਼ੋਕ ਤੰਵਰ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਹੈ।ਤੰਵਰ ਨੇ ਆਪਣਾ ਅਸਤੀਫ਼ਾ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਭੇਜ ਦਿੱਤਾ ਹੈ। ਸੂਤਰ ਦੱਸਦੇ ਹਨ ਕਿ ਹੁਣ ਤੰਵਰ 20 ਜਨਵਰੀ ਨੂੰ ਦਿੱਲੀ 'ਚ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਣਗੇ।ਤੰਵਰ ਦਾ ਕਹਿਣਾ ਹੈ ਕਿ ਉਹ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਗਠਜੋੜ ਤੋਂ ਨਰਾਜ਼ ਸਨ।ਉਨ੍ਹਾਂ ਨੇ ਆਪਣੇ ਅਸਤੀਫੇ ਚ ਲਿਖਿਆ ਕਿ ਜਿਸ ਤਰ੍ਹਾਂ ਨਾਲ ਆਮ ਆਦਮੀ ਪਾਰਟੀ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਹੱਥ ਮਿਲਾਇਆ ਹੈ, ਮੇਰੀ ਜ਼ਮੀਰ ਇਸ ਗੱਲ ਦੀ ਗਵਾਹੀ ਨਹੀਂ ਦਿੰਦੀ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਐਡਵੋਕੇਟ ਕੁਲਦੀਪ ਸਿੰਘ ਗੁਦਰਾਣਾ ਦਾ ਕਹਿਣਾ ਹੈ ਕਿ ਆਮ ਪਾਰਟੀ ਸਮਝਦੀ ਹੈ ਕਿ ਇਸ ਚੋਣ ਮੌਸਮ ਦੌਰਾਨ ਤੰਵਰ ਦਾ ਪਾਰਟੀ ਛੱਡਣਾ ਕੋਈ ਅਲੌਕਿਕ ਘਟਨਾ ਨਹੀਂ। ਉਨ੍ਹਾਂ ਕਿਹਾ ਕਿ ਹਰਿਆਣਾ 'ਚ ਪਾਰਟੀ ਦਾ ਮਜ਼ਬੂਤ ਅਧਾਰ ਹੈ।

ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਖਮਾਣੋਂ 'ਚ ਮਨਾਈ ਧੀਆਂ ਦੀ ਲੋਹੜੀ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਾਡੇ ਧਾਰਮਿਕ ਗ੍ਰੰਥਾਂ ਵਿੱਚ ਲੜਕੀਆਂ ਨੂੰ ਉੱਚਤਮ ਦਰਜਾ ਦਿੱਤਾ ਗਿਆ ਹੈ, ਇਸ ਲਈ ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਆਪਣੀਆਂ ਧੀਆਂ ਨੂੰ ਆਪਣੇ ਪੁੱਤਰਾਂ ਵਾਂਗ ਹੀ ਸਮਾਜ ਵਿੱਚ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰੀਏ, ਕਿਉਂਕਿ ਧੀਆਂ ਨਾਲ ਸਮਾਜ ਵਿੱਚ ਮਾਪਿਆਂ ਦਾ ਮਾਣ ਵਧਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਸੀ ਪਠਾਣਾ ਦੇ ਵਿਧਾਇਕ ਸ੍ਰ: ਰੁਪਿੰਦਰ ਸਿੰਘ ਹੈਪੀ ਨੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੀ.ਡੀ.ਪੀ.ਓ. ਦਫ਼ਤਰ ਖਮਾਣੋਂ ਵਿਖੇ ਮਨਾਈ ਗਈ ਧੀਆਂ ਦੀ ਲੋਹੜੀ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕੀਤਾ।ਉਨ੍ਹਾ ਕਿਹਾ ਕਿ ਮਾਪਿਆਂ ਨੂੰ ਇਹ ਵੀ ਚਾਹੀਦਾ ਹੈ ਕਿ ਸਮਾਜ ਵਿੱਚ ਫੈਲ ਰਹੀਆਂ ਕੁਰੀਤੀਆਂ ਬਾਰੇ ਲੜਕੀਆਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਤਾਂ ਜੋ ਲੜਕੀਆਂ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਅਹਿਮ ਯੋਗਦਾਨ ਪਾ ਸਕਣ। ਵਿਧਾਇਕ ਹੈਪੀ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਲੜਕੀਆਂ ਨੂੰ ਆਤਮ ਰੱਖਿਆ ਦੇ ਗੁਣ ਵੀ ਸਿਖਾਉਣੇ ਚਾਹੀਦੇ ਹਨ ਤਾਂ ਜੋ ਉਹ ਸਮਾਜ ਵਿੱਚ ਸੁਰੱਖਿਅਤ ਭਾਵਨਾ ਨਾਲ ਹੋਰ ਅੱਗੇ ਵਧ ਸਕਣ।ਇਸ ਮੌਕੇ ਵਿਧਾਇਕ ਹੈਪੀ ਤੇ ਐੱਸ.ਡੀ.ਐੱਮ. ਖਮਾਣੋਂ ਸ਼੍ਰੀਮਤੀ ਮਨਰੀਤ ਰਾਣਾ ਨੇ 50 ਨਵ-ਜੰਮੀਆਂ ਲੜਕੀਆਂ ਨੂੰ ਸਨਮਾਨਤ ਵੀ ਕੀਤਾ।ਇਸ ਸਮਾਗਮ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਮਾਣੋਂ ਦੇ ਬੱਚਿਆਂ ਵੱਲੋਂ ਪੰਜਾਬ ਦੇ ਲੋਕ ਨਾਚ ਭੰਗੜਾ ਤੇ ਗਿੱਧਾ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਮੀਤ ਸਿੰਘ, ਤਹਿਸੀਲਦਾਰ ਖਮਾਣੋਂ ਗੁਰਦੀਪ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ, ਸੀ.ਡੀ.ਪੀ.ਓ. ਖਮਾਣੋਂ ਗਗਨਦੀਪ ਸਿੰਘ, ਕਾਨੂੰਨਗੋ ਕਰਮਜੀਤ ਸਿੰਘ, ਸੰਜੀਵ ਕਾਲੜਾ, ਪਰਵਿੰਦਰ ਰਾਣਾ, ਗੁਰਦੀਪ ਸਿੰਘ ਪ੍ਰਧਾਨ, ਹਰਿੰਦਰ ਕੌਰ, ਪ੍ਰੀਤੀ, ਹਰਪ੍ਰੀਤ ਕੌਰ, ਅਨਿਲ ਕੁਮਾਰ ਤੇ ਸਿਮਰਨਜੀਤ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

ਬੱਸ ਕਿਰਾਇਆ ਘੋਲ ਦੇ ਸ਼ਹੀਦ ਲਾਭ ਸਿੰਘ ਮਾਨਸਾ ਦਾ ਸ਼ਹੀਦੀ ਦਿਹਾੜਾ ਅੱਜ

ਮਾਨਸਾ (ਆਤਮਾ ਸਿੰਘ ਪਮਾਰ)-ਸ਼ਹੀਦ ਲਾਭ ਸਿੰਘ ਯਾਦਗਾਰੀ ਕਮੇਟੀ ਮਾਨਸਾ ਦੇ ਕਨਵੀਨਰ ਹਰਗਿਆਨ ਢਿੱਲੋਂ, ਸੁਖਦਰਸ਼ਨ ਨੱਤ ਅਤੇ ਮੱਖਣ ਸਿੰਘ ਉੱਡਤ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੱਜ ਤੋਂ 43 ਸਾਲ ਪਹਿਲਾਂ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਬੱਸਾਂ ਦੇ ਕਿਰਾਏ ਵਿੱਚ 43% ਵਾਧਾ ਕੀਤਾ ਗਿਆ ਸੀ। ਜਿਸ ਖਿਲਾਫ਼ ਵਿਦਿਆਰਥੀ, ਨੌਜਵਾਨ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਵਿਸ਼ਾਲ ਲੋਕ ਘੋਲ ਚਲਾਇਆ ਗਿਆ ਸੀ। ਜਿਸ ਵਿੱਚ ਪਿੰਡ ਰੱਲੇ ਦੀ ਧਰਤੀ 'ਤੇ ਸ਼ਾਂਤਮਈ ਅੰਦੋਲਨ ਕਰ ਰਹੇ ਲੋਕਾਂ ਉੱਤੇ 21 ਜਨਵਰੀ 1981 ਨੂੰ ਪੁਲਸ ਵੱਲੋਂ ਅੰਨ੍ਹੇਵਾਹ ਗੋਲੀ ਚਲਾ ਦਿੱਤੀ। ਜਿਸ ਵਿੱਚ ਕਾਮਰੇਡ ਲਾਭ ਸਿੰਘ ਮਾਨਸਾ ਪੁਲਸ ਗੋਲੀ ਨਾਲ ਸ਼ਹੀਦ ਹੋ ਗਏ। ਫ਼ਿਰ ਪੁਲਸ ਦੀਆਂ ਧਾੜਾਂ ਇਕੱਠੀਆਂ ਹੋ ਕੇ ਲਾਭ ਸਿੰਘ ਦੀ ਲਾਸ਼ ਦਾ ਧੱਕੇ ਨਾਲ ਬੁਢਲਾਡਾ ਵਿਖੇ ਸਸਕਾਰ ਕਰ ਰਹੇ ਸਨ। ਜਿਉਂ ਹੀ ਇਨਕਲਾਬੀ ਯੋਧਿਆਂ ਨੂੰ ਇਸ ਦੀ ਭਿਣਕ ਪਈ ਤਾਂ ਸਾਥੀ ਦੀ ਅੱਧ ਝੁਲਸੀ ਲਾਸ਼ ਕੱਢ ਕੇ ਮਾਨਸਾ ਦੇ ਸ਼ਮਸ਼ਾਨਘਾਟ ਵਿਖੇ ਇਨਕਲਾਬੀ ਰਸਮਾਂ ਮੁਤਾਬਕ ਸਸਕਾਰ ਕੀਤਾ। ਸ਼ਹੀਦ ਸਾ

21-JAN-PAGE-5.qxd 1/20/2024 11:00 PM Page 1

ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਖੇਤੀਬਾੜੀ ਮੰਤਰੀ ਦਾ ਕਾਲੀਆਂ ਝੰਡੀਆਂ ਨਾਲ ਜ਼ਬਰਦਸਤ ਵਿਰੋਧ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)

ਭਾਕਿਯੂ ਡਕੌਂਦਾ ਦੀ ਅਗਵਾਈ 'ਚ ਪਰਜਾ ਮੰਡਲ ਲਹਿਰ ਦੇ ਮੋਢੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ 90ਵੇਂ ਸ਼ਹੀਦੀ ਦਿਵਸ ਮੌਕੇ ਕੁੱਲਰੀਆਂ ਅਬਾਦਕਾਰ ਕਿਸਾਨਾਂ ਦੀ ਜ਼ਮੀਨ ਦੀ ਰਾਖੀ ਲਈ ਚੱਲ ਰਹੇ ਸੰਘਰਸ਼ ਪ੍ਰਤੀ ਹਕੂਮਤ ਵੱਲੋਂ ਧਾਰੀ ਸਾਜ਼ਿਸ਼ੀ ਚੁੱਪ ਨੂੰ ਤੋੜਨ ਲਈ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਆਮਦ ਸਮੇਂ ਕਾਲੀਆਂ ਝੰਡੀਆਂ ਨਾਲ ਜ਼ਬਰਦਸਤ ਰੋਸ ਦਾ ਵਿਖਾਵਾ ਕੀਤਾ ਗਿਆ।ਇਸ ਸਮੇਂ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਧਨੇਰ, ਜਨਰਲ ਸਕੱਤਰ ਸਾਹਿਬ ਸਿੰਘ ਬਡਬਰ, ਜਗਰਾਜ ਸਿੰਘ ਹਰਦਾਸਪੁਰਾ ਨੇ ਜ਼ਿਲ੍ਹਾ ਮਾਨਸਾ ਦੇ ਪਿੰਡ ਕੁੱਲਰੀਆਂ ਦੇ ਅਬਾਦਕਾਰ ਕਿਸਾਨਾਂ ਦੇ ਜ਼ਮੀਨ ਦੀ ਰਾਖੀ ਲਈ ਡੀ ਐਸ ਪੀ ਬੁਢਲਾਡਾ ਦੇ ਦਫ਼ਤਰ ਅੱਗੇ ਚੱਲ ਰਹੇ ਪੱਕੇ ਮੋਰਚੇ ਸਬੰਧੀ ਕਿਹਾ ਕਿ ਕੁੱਲਰੀਆਂ ਦਾ ਸਰਪੰਚ, ਪੁਲਸ ਪ੍ਰਸ਼ਾਸਨ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਦੀ ਮਿਲੀਭੁਗਤ ਨਾਲ 50 ਸਾਲ ਤੋਂ ਵੀ ਵੱਧ ਸਮੇਂ ਤੋਂ ਕਾਨੂੰਨਨ ਤੌਰ 'ਤੇ ਕਾਬਜ਼ ਕਿਸਾਨਾਂ ਨੂੰ ਜ਼ਬਰੀ ਉਜਾੜਨ 'ਤੇ ਤੁਲਿਆ ਹੋਇਆ ਹੈ। ਅਬਾਦਕਾਰ ਕਿਸਾਨਾਂ ਉੱਤੇ ਹਮਲੇ ਵੀ ਕਰਵਾ ਰਿਹਾ ਹੈ। ਪਰ ਪੁਲਸ ਮੂਕ ਦਰਸ਼ਕ ਬਣੀ ਹੋਈ ਹੈ। ਡੀ ਐਸ ਪੀ ਬੁਢਲਾਡਾ ਦੇ ਦਫ਼ਤਰ ਅੱਗੇ ਚੱਲ ਰਿਹਾ ਮੋਰਚਾ 15 ਵੇਂ ਦਿਨ ਵਿੱਚ ਦਾਖ਼ਲ ਹੋਣ ਦੇ ਬਾਵਜੂਦ ਪੁਲਸ ਟੱਸ ਤੋਂ ਮੱਸ ਨਹੀਂ ਹੋਈ। ਇਸੇ ਕਰਕੇ ਪਰਜਾ ਮੰਡਲ ਲਹਿਰ ਦੇ ਮੋਢੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ 90 ਵੇਂ ਸ਼ਹੀਦੀ ਦਿਹਾੜੇ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਮਦ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਗਿਆ।ਅੱਜ ਭਾਵੇਂ ਮੁੱਖ ਮੰਤਰੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਥਾਂ ਗੋਆ ਵਿਖੇ ਵੋਟਾਂ ਦੀ ਫ਼ਸਲ ਵੱਢਣ ਚਲਾ ਗਿਆ, ਪਰ ਖੇਤੀ ਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਕਾਲੀ ਝੰਡੀਆਂ ਨਾਲ ਜ਼ਬਰਦਸਤ ਰੋਹ ਦਾ ਪ੍ਰਗਟਾਵਾ ਕੀਤਾ। ਇਸ ਸਮੇਂ ਜ਼ਿਲਾ ਪ੍ਰਧਾਨ ਕੁਲਵੰਤ ਸਿੰਘ ਭਦੌੜ, ਰਾਮ ਸਿੰਘ ਸ਼ਹਿਣਾ, ਭੋਲਾ ਸਿੰਘ ਛੰਨਾਂ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਬਾਬੂ ਸਿੰਘ ਖੁੱਡੀ ਕਲਾਂ, ਕੁਲਵਿੰਦਰ ਸਿੰਘ ਉੱਪਲੀ, ਕਾਲਾ ਸਿੰਘ ਜੈਦ, ਰਣ ਸਿੰਘ ਉੱਪਲੀ, ਸਤਨਾਮ ਸਿੰਘ ਮੂੰਮ, ਅਮਰਜੀਤ ਠੁੱਲੀਵਾਲ, ਕੁਲਵੰਤ ਸਿੰਘ ਹੰਢਿਆਇਆ, ਸੁਖਦੇਵ ਸਿੰਘ ਕੁਰੜ, ਗੋਪਾਲ ਕ੍ਰਿਸ਼ਨ ਹਮੀਦੀ, ਬਲਵੰਤ ਸਿੰਘ ਠੀਕਰੀਵਾਲਾ ਆਦਿ ਆਗੂਆਂ ਨੇ ਡੀ ਐਸ ਪੀ ਬੁਢਲਾਡਾ ਦੇ ਦਫ਼ਤਰ ਅੱਗੇ ਚੱਲ ਰਹੇ ਪੱਕੇ ਮੋਰਚੇ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਜਾਰੀ ਰੱਖਣ ਦਾ ਅਹਿਦ ਲਿਆ ।

ਮੰਡੀ ਗੋਬਿੰਦਗੜ੍ਹ 'ਚ ਲੁੱਟ-ਖੋਹ ਨੂੰ ਅੰਜਾਮ ਦੇਣ ਵਾਲੇ ਕਾਬੂ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉਪਲ)

ਮੰਡੀ ਗੋਬਿੰਦਗੜ੍ਹ ਵਿਖੇ 20/22 ਲੱਖ ਰੁਪਏ ਦੀ ਹੋਈ ਡਕੈਤੀ ਦੇ ਮੁਕੱਦਮੇ ਵਿੱਚ 4 ਦੋਸ਼ੀ ਗ੍ਰਿਫ਼ਤਾਰ ਕਰਕੇ 19 ਲੱਖ ਰੁਪਏ ਨਗਦੀ, ਇੱਕ ਪਿਸਤੌਲ ਦੇਸੀ 315 ਬੋਰ ਜਿਸ ਦੇ ਚੈਂਬਰ ਵਿੱਚ ਖੋਲ ਕਾਰਤੂਸ ਵੀ ਹੈ ਅਤੇ ਬਲੈਰੋ ਗੱਡੀ, ਬਿਨਾਂ ਨੰਬਰੀ ਆਲਟੋ ਕਾਰ ਬਰਾਮਦ ਕੀਤੀ ਗਈ।ਡਾ. ਰਵਜੋਤ ਗਰੇਵਾਲ ਸੀਨੀਅਰ ਕਪਤਾਨ ਪੁਲਸ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ 4 ਦੋਸ਼ੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਖੋਹ ਕੀਤੀ ਨਗਦੀ ਵਿੱਚੋਂ 19 ਲੱਖ ਰੁਪਏ ਅਤੇ ਇੱਕ ਪਿਸਤੌਲ ਦੇਸੀ 315 ਬੋਰ ਜਿਸ ਦੇ ਚੈਂਬਰ ਵਿੱਚ ਖੋਲ ਕਾਰਤੂਸ ਵੀ ਹੈ ਅਤੇ ਬਲੈਰੋ ਗੱਡੀ ਨੰਬਰ, ਬਿਨਾਂ ਨੰਬਰੀ ਆਲਟੋ ਕਾਰ ਕੀਤੀ ਗਈ ਹੈ।ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਮੰਡੀ ਗੋਬਿੰਦਗੜ੍ਹ ਵਿਖੇ 19 ਜਨਵਰੀ ਨੂੰ ਲੋਹੇ ਦੇ ਗੋਦਾਮ ਵਿੱਚੋਂ ਕਰੀਬ 20/22 ਲੱਖ ਰੁਪਏ ਦੀ ਹੋਈ ਖੋਹ ਸਬੰਧੀ ਗੋਦਾਮ ਦੇ ਅਕਾਊਂਟੈਂਟ ਵਿਸ਼ਾਲ ਵਾਸੀ ਬਸੀ ਪਠਾਣਾ ਅਤੇ 3 ਨਾ-ਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਥਾਣਾ ਮੰਡੀ ਗੋਬਿੰਦਗੜ੍ਹ ਦਰਜ ਹੋਇਆ ਸੀ। ਉਕਤ ਵਾਰਦਾਤ ਬਾਰੇ ਸੀਨੀਅਰ ਅਫਸਰਾਂ ਦੇ ਧਿਆਨ ਵਿੱਚ ਆਉਣ ਉਪਰੰਤ ਐਸ.ਐਸ.ਪੀ. ਫਗਸ ਵੱਲੋਂ ਤੁਰੰਤ ਹੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨੂੰ ਸੀਲ ਕਰਵਾ ਕੇ ਮੁਕੱਦਮਾ ਦੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਰਾਕੇਸ਼ ਯਾਦਵ, ਕਪਤਾਨ ਪੁਲਸ ਫਗਸ ਦੀ ਰਹਿਨੁਮਾਈ ਹੇਠ ਮੋਹਿਤ ਸਿੰਗਲਾ ਡੀ.ਐਸ.ਪੀ. ਬਸੀ ਪਠਾਣਾਂ, ਹਰਪਿੰਦਰ ਕੌਰ, ਡੀ.ਐਸ.ਪੀ. ਅਮਲੋਹ ਦੀ ਅਗਵਾਈ ਵਿੱਚ ਇੰਸ: ਅਮਰਵੀਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਸਰਹਿੰਦ, ਥਾਣੇਦਾਰ ਅਕਾਸ਼ ਦੱਤ ਮੁੱਖ ਅਫਸਰ ਥਾਣਾ ਮੰਡੀ ਗੋਬਿੰਦਗੜ੍ਹ ਅਤੇ ਥਾਣੇ: ਨਰਪਿੰਦਰਪਾਲ ਸਿੰਘ, ਮੁੱਖ ਅਫਸਰ ਥਾਣਾ ਖਮਾਣੋਂ, ਗੁਰਦੀਪ ਸਿੰਘ ਮੁੱਖ ਅਫਸਰ ਥਾਣਾ ਮੂਲੋਪੁਰ ਸਮੇਤ ਪੁਲਸ ਪਾਰਟੀਆਂ ਦੇ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ। ਮੁਢਲੀ

ਤਫਤੀਸ਼ ਤੋਂ ਇਹ ਵਾਰਦਾਤ ਵਿਸ਼ਾਲ ਮੜਕਨ ਪੁੱਤਰ ਮਦਨ ਲਾਲ ਵਾਸੀ ਮੁਹੱਲਾ ਗਿੱਲਝੀਆਂ, ਬਸੀ ਪਠਾਣਾਂ ਉਮਰ ਕਰੀਬ 34 ਸਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੋਸ਼ੀ ਵਿਸ਼ਾਲ ਮੜਕਨ ਦੀ ਪੁੱਛਗਿੱਛ ਤੋਂ ਤੁਸ਼ਾਰ ਪੁੱਤਰ ਕਾਂਸ਼ੀ ਰਾਮ ਵਾਸੀ ਵਾਰਡ ਨੰਬਰ 12 ਬਸੀ ਪਠਾਣਾਂ, ਗੌਰਵ ਧੀਮਾਨ ਪੁੱਤਰ ਜਿੰਮੀ ਪੁੱਤਰ ਅਸ਼ੋਕ ਕੁਮਾਰ ਵਾਸੀ ਵੱਡਾ ਵਿਹੜਾ ਬਸੀ ਪਠਾਣਾਂ ਅਤੇ ਜਸਵੰਤ ਸਿੰਘ ਉਰਫ ਜੱਸਾ ਪੁੱਤਰ ਸੁਰਿੰਦਰ ਸਿੰਘ ਵਾਸੀ ਸਰਾਫਾ ਬਾਜ਼ਾਰ ਬਸੀ ਪਠਾਣਾਂ ਨੂੰ ਨਾਮਜ਼ਦ ਕਰਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਵੱਖ-ਵੱਖ ਥਾਵਾਂ 'ਤੇ ਰੇਡਾਂ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਦੌਰਾਨੇ ਤਫਤੀਸ਼ ਪੁਲਸ ਪਾਰਟੀ ਜਦੋਂ ਦੋਸ਼ੀ ਜਸਵੰਤ ਸਿੰਘ ਉਰਫ ਜੱਸਾ ਉਕਤ ਨੂੰ ਬਾਕੀ ਪੈਸਿਆਂ ਦੀ ਬ੍ਰਾਮਦਗੀ ਕਰਵਾਉਣ ਲਈ ਦੋਸ਼ੀ ਵੱਲੋਂ ਦੱਸੀ ਗਈ ਜਗ੍ਹਾ 'ਤੇ 111 ਬਸੀ ਪਠਾਣਾਂ ਨੇੜੇ ਡੱਬੀ ਫੈਕਟਰੀ ਵਿੱਚ ਪੁੱਜੇ, ਤਾਂ ਉਥੇ ਖੜ੍ਹੀ ਇੱਕ ਬਲੈਰੋ ਗੱਡੀ ਦੀ ਡਿੱਘੀ ਵਿੱਚੋਂ ਦੋਸ਼ੀ ਜਸਵੰਤ ਸਿੰਘ ਨੇ ਪੈਸਿਆਂ ਵਾਲਾ ਬੈਗ ਕੱਢਣ ਸਮੇਂ ਪਿਸਤੌਲ ਨਾਲ ਪੁਲਸ ਪਾਰਟੀ 'ਤੇ ਫਾਇਰ ਕਰ ਦਿੱਤਾ। ਜਿਸ ਦੌਰਾਨ ਪੁਲਸ ਪਾਰਟੀ ਵੱਲੋਂ ਵੀ ਜਵਾਬੀ ਫਾਇਰਿੰਗ ਕੀਤੀ ਗਈ। ਜੋ ਇੱਕ ਫਾਇਰ ਜਸਵੰਤ ਸਿੰਘ ਦੀ ਲੱਤ ਵਿੱਚ ਲੱਗਾ।ਇਸ ਭਗਦੜ ਦੌਰਾਨ ਇੱਕ ਮੁਲਾਜ਼ਮ ਵੀ ਜ਼ਖਮੀ ਹੋ ਗਿਆ। ਦੋਸ਼ੀ ਜਸਵੰਤ ਸਿੰਘ ਪਾਸੋਂ ਇੱਕ ਪਿਸਤੌਲ ਦੇਸੀ ਕੱਟਾ 315 ਬੋਰ, ਜਿਸ ਦੇ ਚੈਂਬਰ ਵਿੱਚ ਹੀ ਫਾਇਰ ਕੀਤੇ ਰੋਂਦ ਦਾ ਖੋਲ ਫਸਿਆ ਹੋਇਆ ਹੈ, ਬਰਾਮਦ ਕੀਤਾ ਗਿਆ ਹੈ। ਬਲੈਰੋ ਗੱਡੀ ਦੀ ਡਿੱਘੀ ਵਿੱਚ ਪਏ ਬੈਗ ਵਿੱਚੋਂ 5,94,500 ਰੁਪਏ ਬਰਾਮਦ ਹੋਏ । ਇਸ ਮੌਕੇ ਪਰਵਾਰ ਵੱਲੋਂ ਪੰਜਾਬ ਪੁਲਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਉਥੇ ਹੀ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਕੌਰ ਗਰੇਵਾਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਸੜਕ ਹਾਦਸੇ 'ਚ ਅੰਤਰਰਾਸ਼ਟਰੀ ਵਿਦਿਆਰਥੀ ਦੀ ਮੌਤ, ਦੋ ਜ਼ਖਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜੀ.ਟੀ. ਰੋਡ 'ਤੇ ਨਬੀਪੁਰ ਨਜ਼ਦੀਕ ਰਾਤ ਨੂੰ ਵਾਪਰੇ ਇੱਕ ਸੜਕ ਹਾਦਸੇ 'ਚ ਜ਼ਿੰਬਾਬਵੇ ਮੂਲ ਦੇ ਇੱਕ 22 ਸਾਲਾ ਵਿਦਿਆਰਥੀ ਦੀ ਮੌਤ ਹੋ ਜਾਣ ਅਤੇ ਦੋ ਵਿਦਿਆਰਥੀਆਂ ਦੇ ਜ਼ਖਮੀ ਹੋ ਜਾਣ ਦਾ ਸਮਾਚਾਰ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਹੈਨਰੀ ਟੀਨੋਟੋਡਾ ਮਾਕੋਨੀ ਵਾਸੀ ਜੋਰੋਂਜ਼ਾ ਹਰਾਰੇ ਨੇ ਦੱਸਿਆ ਕਿ ਉਹ ਅਤੇ ਉਸ ਦਾ ਚਚੇਰਾ ਭਰਾ ਕੈਲਟਨ ਟੀਨੋਟੋਡਾ ਮਵਾਮੁਕਾ ਵਾਸੀ ਮੁਟਾਰੇ, ਜ਼ਿੰਬਾਬਵੇ ਗੁਲਜ਼ਾਰ ਗਰੁੱਪ ਆਫ ਕਾਲਜ, ਲਿਬੜਾ, ਖੰਨਾ (ਲੁਧਿਆਣਾ) ਵਿਖੇ ਬੀ ਕਾਮ ਦੀ ਪੜ੍ਹਾਈ ਕਰ ਰਹੇ ਹਨ ਤੇ ਉਸ ਦਾ ਚਚੇਰਾ ਭਰਾ ਕੈਲਟਨ ਟਿਨੋਟੋਡਾ ਮਵਾਮੁਕਾ ਕਿਰਾਏ ਦੀ ਕੈਬ(ਅਰਟੀਗਾ ਕਾਰ) ਰਾਹੀਂ ਜ਼ਿੰਬਾਬਵੇ ਤੋਂ ਆਏ ਆਪਣੇ ਦੋ ਦੋਸਤਾਂ ਨੂੰ ਦਿੱਲੀ ਹਵਾਈ ਅੱਡੇ ਤੋਂ ਲੈ ਕੇ ਕਾਲਜ ਵੱਲ ਆ ਰਿਹਾ ਸੀ ਤਾਂ ਰਾਤ ਸਾਢੇ ਕੁ ਬਾਰਾਂ ਵਜੇ ਦੇ ਕਰੀਬ ਨਬੀਪੁਰ ਦੇ ਪੈਟਰੋਲ ਪੰਪ ਨਜ਼ਦੀਕ ਪਹੁੰਚਣ 'ਤੇ ਉਨਾਂ ਵਾਲੀ ਕੈਬ ਦੇ ਚਾਲਕ ਨੇ ਗੱਡੀ ਇੱਕ ਅਣਪਛਾਤੇ ਟਰੱਕ ਪਿੱਛੇ ਲਿਆ ਕੇ ਮਾਰੀ ਜਿਸ ਕਾਰਨ ਕੈਲਟਨ ਟਿਨੋਟੋਡਾ ਮਵਾਮੁਕਾ (22) ਦੀ ਮੌਤ ਹੋ ਗਈ ਤੇ ਕੈਬ 'ਚ ਉਸ ਨਾਲ ਬੈਠੇ ਦੋ ਦੋਸਤਾਂ ਦੇ ਸੱਟਾਂ ਵੱਜੀਆਂ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਹਾਦਸਾ ਕੈਬ ਚਾਲਕ ਕਰਮਜੀਤ ਸਿੰਘ ਦੀ ਗਲਤੀ ਕਾਰਨ ਵਾਪਰਿਆ ਹੈ ਜੋ ਕਿ ਅਰਟੀਗਾ ਗੱਡੀ ਨੂੰ ਬਹੁਤ ਤੇਜ਼ ਰਫਤਾਰੀ ਅਤੇ ਅਣਗਹਿਲੀ ਨਾਲ ਚਲਾ ਰਿਹਾ ਸੀ।ਥਾਣਾ ਸਰਹਿੰਦ ਵਿਖੇ ਕੈਬ ਚਾਲਕ ਕਰਮਜੀਤ ਸਿੰਘ ਵਾਸੀ ਲੁਧਿਆਣਾ ਵਿਰੁੱਧ ਮੁਕੱਦਮਾ ਦਰਜ ਕਰਵਾ ਕੇ ਨਬੀਪੁਰ ਪੁਲਸ ਚੌਕੀ ਦੇ ਇੰਚਾਰਜ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਕਾਤਰਾਂ

ਪ੍ਰਕਾਸ਼ ਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਦਸਮ ਪਿਤਾ ਦੁਸ਼ਟ ਦਮਨ ਸ੍ਰੀ ਗੁਰੂ ਗੋਬਿੰਦ ਜੀ ਦਾ ਪ੍ਰਕਾਸ਼ ਉਤਸਵ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ (ਆਂਸਲ) ਵਿਖੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। 17 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜੋ ਵੱਖ-ਵੱਖ ਪਿੰਡਾਂ ਵਿਚੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਰਾਮਦਾਸਪੁਰੀ ਅਰਮਾਨਪੁਰਾ (ਆਂਸਲ) ਵਿਖੇ ਸਮਾਪਤ ਹੋਇਆ। 19 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਰਾਮਦਾਸਪੁਰੀ ਦੇ ਮੁੱਖ ਸੇਵਾਦਾਰ ਭਗਤ ਬਾਬਾ ਮਿਲਖਾ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ। ਬਾਬਾ ਜੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਬੱਤ ਦੇ ਭਲੇ ਲਈ ਜਾਪ ਸਾਹਿਬ 15 ਫਰਵਰੀ ਨੂੰ ਸ਼ੁਰੂ ਹੋਣਗੇ ਜਿਨ੍ਹਾਂ ਦੀ ਸਮਾਪਤੀ 25 ਫਰਵਰੀ ਨੂੰ ਹੋਵੇਗੀ। ਉਪਰੰਤ ਗੁਰੂ ਘਰ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਚੌਕੀਦਾਰ ਨੂੰ ਬੰਧਕ ਬਣਾ ਕੇ ਲੁਟੇਰਿਆਂ ਨੇ 26 ਲੱਖ ਰੁਪਏ ਲੁੱਟੇ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੀ ਗੋਬਿੰਦਗੜ੍ਹ ਵਿਖੇ ਅੱਜ ਦਿਨ ਦਿਹਾੜੇ ਤਿੰਨ ਲੁਟੇਰਿਆਂ ਵੱਲੋਂ ਇੱਕ ਲੋਹਾ ਕਾਰੋਬਾਰੀ ਦੇ ਗੋਦਾਮ 'ਚ ਚੌਕੀਦਾਰ ਨੂੰ ਬੰਧਕ ਬਣਾ ਕੇ 26 ਲੱਖ ਰੁਪਏ ਦੀ ਨਕਦੀ ਲੁੱਟ ਲੈ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੇ ਇਲਾਕੇ ਪ੍ਰੇਮ ਨਗਰ ਵਿੱਚ ਸਥਿਤ ਦੀਪ ਸਟੀਲ ਇੰਡਸਟਰੀ ਨਾਮਕ ਫਰਮ ਦੇ ਗੋਦਾਮ ਵਿੱਚ ਦੁਪਹਿਰ ਕਰੀਬ ਡੇਢ ਵਜੇ ਮਾਲ ਦੇਖਣ ਦੇ ਬਹਾਨੇ ਦਾਖਲ ਹੋਏ ਲੁਟੇਰਿਆਂ ਨੇ ਗੋਦਾਮ ਦੇ ਚੌਕੀਦਾਰ ਨੂੰ ਬੰਧਕ ਬਣਾਉਣ ਉਪਰੰਤ ਅਲਮਾਰੀ 'ਚ ਰੱਖੇ 26 ਲੱਖ ਰੁਪਏ ਲੁੱਟ ਲਏ। ਲੁਟੇਰਿਆਂ ਵੱਲੋਂ ਵਾਰਦਾਤ ਨੂੰ ਅੰਜਾਮ ਉਸ ਸਮੇਂ ਦਿੱਤਾ ਗਿਆ ਜਦੋਂ ਫਰਮ ਦੇ ਮਾਲਕ ਕਮਲਦੀਪ ਬਾਂਸਲ ਅਤੇ ਧਰਮਦੀਪ ਬਾਂਸਲ ਦੀ ਮਾਤਾ ਦੀ ਸ਼ਹਿਰ ਦੇ ਸਾਈ ਮੰਦਰ ਵਿਖੇ ਅੰਤਮ ਅਰਦਾਸ ਹੋ ਰਹੀ ਸੀ ਜਿਸ ਕਾਰਨ ਫਰਮ ਦਾ ਸਟਾਫ ਤੇ ਮਾਲਕ ਮੰਦਰ ਵਿੱਚ ਮੌਜੂਦ ਸਨ। ਲੁੱਟ ਦੀ ਘਟਨਾ ਬਾਰੇ ਪਤਾ ਲੱਗਣ 'ਤੇ ਫਰਮ ਦੇ ਮਾਲਕਾਂ ਵੱਲੋਂ ਪੁਲਸ ਨੂੰ ਸੂਚਿਤ ਕੀਤਾ ਗਿਆ ਜਿਸ ਉਪਰੰਤ ਐਸ ਐਚ ਓ ਮੰਡੀ ਗੋਬਿੰਦਗੜ੍ਹ, ਡੀ ਐਸ ਪੀ, ਐਸ ਪੀ (ਡੀ) ਸੀ.ਆਈ.ਏ. ਇੰਚਾਰਜ ਸਮੇਤ ਪੁਲਸ ਦੀਆਂ ਵੱਖ-ਵੱਖ ਟੀਮਾਂ ਘਟਨਾ ਸਥਾਨ 'ਤੇ ਪਹੁੰਚ ਕੇ ਤਫਤੀਸ਼ 'ਚ ਜੁਟ ਗਈਆਂ। ਘਟਨਾ ਸਥਾਨ ਦੇ ਨੇੜੇ ਲੱਗੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵਿੱਚ ਸ਼ੱਕੀ ਵਿਅਕਤੀ ਬੈਗ ਵਿੱਚ ਕੈਸ਼ ਲੈ ਕੇ ਜਾਂਦੇ ਦਿਖਾਈ ਦੇ ਰਹੇ ਹਨ। ਪੁਲਸ ਵੱਲੋਂ ਥਾਂ-ਥਾਂ ਨਾਕਾਬੰਦੀ ਕਰਕੇ ਲੁਟੇਰਿਆਂ ਦੀ ਭਾਲ ਕੀਤੀ ਜਾ ਰਹੀ ਹੈ।

ਮੁਫਤ ਆਯੁਰਵੈਦਿਕ ਡਿਸਪੈਂਸਰੀ ਸ਼ੁਰੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸ੍ਰੀ ਰਾਮ ਸ਼ਰਣਮ ਫਿਰੋਜ਼ਪੁਰ ਸ਼ਹਿਰ ਵਿਖੇ ਮੁਫਤ ਆਯੁਰਵੈਦਿਕ ਡਿਸਪੈਂਸਰੀ 21 ਜਨਵਰੀ ਨੂੰ ਡਾ. ਅਵਤਾਰ ਕ੍ਰਿਸ਼ਨ ਗਰੋਵਰ ਵੱਲੋਂ ਸ਼ੁਰੂ ਹੋਣ ਜਾ ਰਹੀ ਹੈ। ਜਿਸ ਦਾ ਸਮਾਂ ਰੋਜ਼ਾਨਾ ਸਵੇਰੇ 10 ਵਜੇ ਤੋਂ 1 ਵਜੇ ਤੱਕ ਹੋਵੇਗਾ। ਸ੍ਰੀ ਰਾਮ ਸ਼ਰਣਮ ਫਿਰੋਜ਼ਪੁਰ ਸ਼ਹਿਰ ਦੇ ਮੈਂਬਰ

page-6-21-Jan.-2024.qxd 1/20/2024 11:05 PM Page 1

ਯੋਗਾ ਸਰੀਰਕ ਨਿਰੋਗਤਾ ਦੀ ਕੁੰਜੀ : ਡਾ. ਪਰਦੀਪ

ਗੁਰਦਾਸਪੁਰ (ਦਿਨੇਸ਼ ਕੁਮਾਰ)-ਲੋਕਾਂ ਵਿਚ ਯੋਗ ਦੀ ਮਹੱਤਤਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਜ਼ਿਲਾ ਆਯੁਰਵੈਦਿਕ ਅਫਸਰ ਡਾ. ਪਰਦੀਪ ਦੀ ਅਗਵਾਈ ਹੇਠ ਯੋਗਾ ਇੰਸਟਰਕਟਰਾਂ ਲਈ ਵਿਸ਼ੇਸ਼ ਟ੍ਰੇਨਿੰਗ ਕੈਂਪ ਲਾਇਆ ਗਿਆ।ਇਸ ਮੌਕੇ ਡਾ. ਪਰਦੀਪ ਨੇ ਕਿਹਾ ਕਿ ਯੋਗ ਭਾਰਤ ਦੀ ਦੁਨੀਆ ਨੂੰ ਵਡਮੁੱਲੀ ਦੇਣ ਹੈ।ਸਰੀਰਕ ਤੰਦਰੁਸਤੀ ਲਈ ਯੋਗ ਬਹੁਤ ਜ਼ਰੂਰੀ ਹੈ।ਯੋਗ ਨਾਲ ਸਰੀਰ ਕੁਦਰਤੀ ਤੌਰ 'ਤੇ ਬੀਮਾਰੀਆਂ ਨਾਲ ਲੜਨ ਦੀ ਤਾਕਤ ਹਾਸਲ ਕਰਦਾ ਹੈ।ਰੋਜ਼ਾਨਾ ਯੋਗ ਕਰਨਾ ਚਾਹੀਦਾ ਹੈ।ਸਿਹਤ ਵਿਭਾਗ ਵੱਲੋਂ ਯੋਗਾ ਇੰਸਟਰਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ।ਇਹ ਇੰਸਟਰਕਟਰ ਪਿੰਡ ਪੱਧਰ 'ਤੇ ਲੋਕਾਂ ਨੂੰ ਯੋਗ ਸਿਖਾਉਂਦੇ ਹਨ।ਲੋਕਾਂ ਨੂੰ ਵੱਧ ਤੋਂ ਵੱਧ ਯੋਗਾ ਸੈਸ਼ਨ ਵਿਚ ਹਿੱਸਾ ਲੈਣਾ ਚਾਹੀਦਾ ਹੈ।ਰੋਜ਼ਾਨਾ ਯੋਗਾ ਕਰਨਾ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ।

ਆਮ ਸੂਚਨਾ

ਮੈਂ, ਰਾਕੇਸ਼ ਕੁਮਾਰ ਪੁੱਤਰ ਸ੍ਰੀ ਨਰੈਣ ਦਾਸ ਪੁੱਤਰ ਸ੍ਰੀ ਘਨਈਆ ਲਾਲ ਵਾਸੀ ਮਕਾਨ ਨੰ: ਈ.ਐਫ. 258, ਕ੍ਰਿਸ਼ਨਾ ਨਗਰ, ਮੰਡੀ ਰੋਡ, ਪ੍ਰਤਾਪ ਬਾਗ ਰੋਡ, ਜਲੰਧਰ ਸ਼ਹਿਰ ਦਾ ਮਾਲਕ ਹਾਂ। ਮੇਰੀ ਉਕਤ ਜਾਇਦਾਦ ਦਾ ਪੁਰਾਣਾ ਦਸਤਾਵੇਜ਼ ਬੈਨਾਮਾ ਨੰ: 3591 ਮਿਤੀ 27.6.1975 ਐੱਸ. ਆਰ. ਜਲੰਧਰ ਜੋ ਕਿ ਬਾਹੱਕ ਤਾਰਾ ਵੰਤੀ ਹੈ, ਮੇਰੇ ਕੋਲੋਂ ਕਿਧਰੇ ਗੁਆਚ ਗਿਆ ਹੈ। ਇਸ ਸਬੰਧੀ ਮੈਂ ਇਕ ਸੂਚਨਾ ਬਜਰੀਆ ਐਫ. ਆਈ.ਆਰ. ਸੀਰੀਅਲ ਨੰ: 426434/2024 ਮਿਤੀ 19.01.24 ਰਾਹੀਂ ਦਰਜ ਕਰਵਾ ਦਿੱਤੀ ਹੋਈ ਹੈ। ਜੇਕਰ ਕਿਸੇ ਵਿਅਕਤੀ ਨੂੰ ਇਹ ਮਿਲਣ ਜਾਂ ਕੋਈ ਇਤਰਾਜ਼ ਹੋਵੇ ਤਾਂ ਉਹ ਸ੍ਰੀ ਵਿਕਾਸ ਸੂਦ ਐਡਵੋਕੇਟ (ਮੋਬਾ. ਨੰ: 98140-94356) 'ਤੇ 07 ਦਿਨਾਂ ਦੇ ਅੰਦਰ ਸੰਪਰਕ ਕਰੇ।

PUBLIC NOTICE

Under the instruction of Piramal Captial Housing Finance Limited Ranjeet Avenue, Amritsar I hereby informed the general public that Vipin Kumar s/o Ashok Kumar is owner for Property measuring length 50 feet breadth 18 feet, Total measuring 100 Square Yards bearing Khasra no. 508 min, Bounded as East: Ownership of Sahib Singh, West: Vacant Plot, North: Gali 16 feet wide, South: Railway Line, which is situated at Kot Khalsa Abadi Satguru Ram Singh Colony, Tehsil & District Amritsar. AND Property measuring length 50 feet breadth 18 feet, Total measuring 100 Square Yards bearing Khasra no. 508 min, Bounded as East: Remaining portion owned by seller, West: Plot North, Gali 16 feet wide, South: Railway Line, which is situated at Kot Khalsa Abadi Satguru Ram Singh Colony, Tehsil & District Amritsar which he is selling to Rajesh Kumar s/o Chaman Lal & Rekha Rani w/o Rajesh Kumar who is taking loan from Piramal Capital Housing Finance Limited Ranjeet Avenue, Amritsar. That in the Jamabandi for the year 2006-07, 2011-12 Jagtar Singh s/o Amar Singh is the owner of 14 Marlas of property. Then after the death of Jagtar Singh s/o Amar Singh his 14 Marlas of property was inherited by Gurmel Singh s/o Jagtar Singh vide sale deed regd dated 08.07.1993 as doc no.7-A of which mutation no.6602 has been sanctioned by revenue authorities. Then Gurmel Singh s/o Jagtar Singh sold 200 Square Yards of property to Sucheta Chawla w/o Varinder Chawla vide sale deed regd dated 26.12.2013 as doc no.11631of which mutation no.6654 has been sanctioned by revenue authorities and in the Jamabandi for the year 2016-17 Suchita Chawla w/o Varinder Chawla is shown as owner of 8 Marlas of property. Then Sucheta Chawla w/o Varinder Chawla through GPA Jasbir Singh s/o Gurbax Singh through SPA Amar Singh s/o Achhar Singh sold 100 Square Yards of property to Amandeep Kaur w/o Jagdish Singh vide sale deed regd dated 05.04.2019 as doc no.2019-20/93/1/391 of which mutation no.7617 has been sanctioned by revenue authorities . and Sucheta Chawla w/o Varinder Chawla through GPA Jasbir Singh s/o Gurbax Singh through SPA Surjit Kaur w/o Amar Singh sold 100 Square Yards to Vipin Kumar s/o Ashok Kumar vide sale deed regd dated 19.01.2023 as doc no.2022-23/93/1/9530 of which mutation no.8278 has been sanctioned in revenue authorities. Then Amandeep Kaur w/o Jagdish Singh sold 100 Sq Yards of property to Vipin Kumar s/o Ashok Kumar vide sale deed dated 24.08.2023 as doc no. 2023-24/93/1/5596 of which mutation no.8383 has been entered in revenue records. Now Vipin Kumar s/o Ashok Kumar is selling 200 Square Yards of property to Rajesh Kumar s/o Chaman Lal & Rekha Rani w/o Rajesh Kumar. Vipin Kumar s/o Ashok Kumar has lost following original documents (1) Original S.P.A executed by Sucheta Chawla w/o Varinder Chawla through GPA Jasbir Singh s/o Gurbax Singh in favour of Amar Singh s/o Achhar Singh vide SPA regd dated 12.03.2019 as doc no.2018-19/93/4/1350. A LOST information Report has also been got registered in this respect having details Sr no 425510/2024 dt 17.1.2024. Anybody having claim or claiming any prior rights or interest in any manner in this property or has raised loan by depositing the aforesaid Sale Deed to any person/ bank/ corporation/ financial institution may approach the undersigned in writing and may submit objections within 7 days from the date of this public notice in writing. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Piramal Captial Housing Finance Limited.

Vikas Verma (Advocate), House no 264 Basant Avenue, Near I.M. A House, Amritsar. Ph: 9815156302

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ
ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ

ਟੈਂਡਰ ਨੋਟਿਸ ਨੰ.:-16/2023-24 — **ਮਿਤੀ 20.01.2024**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

ਲ. ਨੰ.	ਨਿਵਿਦਾ ਨੰ.	ਮਾਲ ਦਾ ਵੇਰਵਾ	ਮਾਤ੍ਰਾ	ਨਿਵਿਦਾ ਖੁਲਣ ਦੀ ਮਿਤੀ
1	62245025	Set of head stock assembly complete (L.H 02 nos/set & R.H 02 nos/set) for BVCM wagon conforming to RDSO drawing no. WD - 15009-S-5, alt.5, item no.3 Material Spec :- IS:5986 Fe360	400 Sets	15.02.2024
2	62245006	Centre Sill (CRF Section) for BVCM Wagon.WD-15009-S-05, Alt:5, Item No. 2 Material Spec: IS 2062 E 450 BR with Cu.	400 Nos.	19.02.2024
3	62245028	Items for BVCM Body Assembly As per Annexure- I	400 Sets	19.02.2024

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ। 246/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ
ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

ਲ. ਨੰ.	ਨਿਵਿਦਾ ਨੰ.	ਮਾਲ ਦਾ ਵੇਰਵਾ	ਮਾਤਰਾ	ਨਿਵਿਦਾ ਖੁਲਣ ਦੀ ਮਿਤੀ
1	62245018	Shield Gas-Mixture Consisting of 80% Argon Gas to Specification is 5760/1998 Grade 3 & 20% CO2 Gas to Specification is 307/1966 (Reaffirmed 1996) Grade 1, Filled in Cylinders with Capacity of 7 Cum and Maximum Working Pressure of 150 Bar with Purity Certificate, for MIG/MAG welding purpose. Note: (1) The supply shall be made in requisite quantity as and when required by the Railways as per the Production Plan.	40000 Cums.	12.02.2024
2	62245021	Set of Door Way Pillar as per attached Annexure-A	400 Sets	12.02.2024

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

ਟੈਂਡਰ ਨੋਟਿਸ ਨੰ.:-15/2023-24 ਮਿਤੀ 18.01.2024 — 225/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Midland Microfin Limited

CIN – U65921PB1988PLC008430
Registered Office: The Axis, Plot No.1, R.B. Badri Dass Colony, B.M.C. Chowk, G.T. Road, Jalandhar – 144001 (PB.) INDIA Tel.:0181-5074000, Toll Free: 0181-5076000
E-mail: cs@midlandmicrofin.com | Website:www.midlandmicrofin.com

ਮੈਂਬਰਾਂ ਨੂੰ ਅਸਧਾਰਨ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਮਿਡਲੈਂਡ ਮਾਈਕ੍ਰੋਫਿਨ ਲਿਮਟਿਡ (''ਦਾ ਕੰਪਨੀ'') ਦੀ ਅਸਧਾਰਨ ਜਨਰਲ ਮੀਟਿੰਗ (ਈ ਜੀ ਐੱਮ), ਕੰਪਨੀਜ਼ ਐਕਟ, 2013 ਦੀਆਂ ਵਿਵਸਥਾਵਾਂ, ਇਸ ਤਹਿਤ ਬਣੇ ਨਿਯਮਾਂ ਅਤੇ ਕਾਰਪੋਰੇਟ ਮਾਮਲੇ ਮੰਤਰਾਲਾ (ਐੱਮ ਸੀ ਏ), ਭਾਰਤ ਸਰਕਾਰ (ਸਾਂਝੇ ਤੌਰ 'ਤੇ ਸਰਕੂਲਰਜ਼ ਵਜੋਂ ਹਵਾਲਾ) ਵੱਲੋਂ ਜਾਰੀ ਜਨਰਲ ਸਰਕੂਲਰ ਨੰ. 14/2020 ਮਿਤੀ 08 ਅਪ੍ਰੈਲ 2020, 17/2020 ਮਿਤੀ 13 ਅਪ੍ਰੈਲ 2020, 20/2020 ਮਿਤੀ 05 ਮਈ 2020, 02/2021 ਮਿਤੀ 13 ਜਨਵਰੀ 2021, 19/2021, ਮਿਤੀ 08 ਦਸੰਬਰ 2021, 21/2021 ਮਿਤੀ 14 ਦਸੰਬਰ 2021, 02/2022, ਮਿਤੀ 05 ਮਈ 2022, 10/2022, ਮਿਤੀ 28 ਦਸੰਬਰ 2022 ਨਾਲ ਪੜ੍ਹੇ ਜਾਂਦੇ, ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੀ ਪਾਲਣਾ 'ਚ ਈ ਜੀ ਐੱਮ ਦੇ ਸੱਦੇ 'ਤੇ ਨੋਟਿਸ 'ਚ ਉਲੇਖ ਸਧਾਰਨ ਕਾਰੋਬਾਰ ਅਤੇ ਨਾ ਟਾਲਣਯੋਗ ਵਿਸ਼ੇਸ਼ ਕਾਰੋਬਾਰ ਦੇ ਨਿਪਟਾਰੇ ਲਈ ਮੰਗਲਵਾਰ 13 ਫਰਵਰੀ 2024 ਨੂੰ ਸ਼ਾਮ ਦੇ 3.00 ਵਜੇ (ਭਾਰਤੀ ਸਮੇਂ ਅਨੁਸਾਰ) ਵੀਡੀਓ ਕਾਨਫਰੰਸਿੰਗ (ਵੀ ਸੀ) ਹੋਰ ਆਡਿਓ ਵਿਜ਼ੂਅਲ ਮੀਨਜ਼ (ਓ ਏ ਵੀ ਐੱਮ) ਰਾਹੀਂ ਹੋਵੇਗੀ। ਉਪਰੋਕਤ ਸਰਕੂਲਰਾਂ ਦੀ ਪਾਲਣਾ 'ਚ ਈ ਜੀ ਐੱਮ ਦੇ ਨੋਟਿਸ ਸਾਰੇ ਸ਼ੇਅਰ ਹੋਲਡਰਾਂ ਨੂੰ ਭੇਜੇ ਜਾਣਗੇ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ ਜਾਂ ਰਜਿਸਟਰਾਰ ਐਂਡ ਸ਼ੇਅਰ ਟਰਾਂਸਫਰ ਏਜੰਟ (ਆਰ ਟੀ ਏ) ਕੋਲ ਰਜਿਸਟਰਡ ਹੋਣਗੇ। ਈ ਜੀ ਐੱਮ ਦਾ ਸਾਲਾਨਾ ਨੋਟਿਸ ਕੰਪਨੀ ਦੀ ਵੈੱਬਸਾਈਟ www.midlandmicrofin.com ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ ਬੀ ਐੱਸ ਈ ਲਿਮਟਿਡ www.bseindia.com. 'ਤੇ ਵੀ ਉਪਲੱਬਧ ਹੋਵੇਗਾ।

ਜਿਨ੍ਹਾਂ ਮੈਂਬਰਾਂ, ਅਸਧਾਰਨ ਜਨਰਲ ਮੀਟਿੰਗ (ਈ ਜੀ ਐੱਮ) ਨੂੰ ਨੋਟਿਸ ਭੇਜੇ ਜਾਣੇ ਹਨ, ਉਨ੍ਹਾਂ ਦੀ ਚੋਣ ਲਈ ਡਾਇਰੈਕਟਰਾਂ ਦੀ ਮੀਟਿੰਗ ਸੋਮਵਾਰ 15 ਜਨਵਰੀ 2024 ਨੂੰ ਹੋਈ। ਮੀਟਿੰਗ ਦੌਰਾਨ ਬੁੱਕਰਵਾਰ 12 ਜਨਵਰੀ 2024 ਰਿਕਾਰਡਮਿਤੀ ਨਿਰਧਾਰਤ ਕੀਤੀ ਗਈ। ਇਸ ਅਨੁਸਾਰ ਨੋਟਿਸ ਉਨ੍ਹਾਂ ਮੈਂਬਰਾਂ ਨੂੰ ਭੇਜੇ ਜਾਣਗੇ, ਜਿਨ੍ਹਾਂ ਦੇ ਨਾਂਅ ਰਜਿਸਟਰ ਮੈਂਬਰ/ਲਾਭਪਾਤਰੀ ਮਾਲਕ ਵਜੋਂ ਕੰਪਨੀ ਦੇ ਰਜਿਸਟਰਡ ਜਾਂ ਆਰ ਟੀ ਏ ਜੋ ਕਿ ਸਕਾਈਲਾਈਨ ਫਾਈਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੇ ਕਾਰੋਬਾਰ ਬੰਦ ਹੋਣ ਸਮੇਂ ਬੁੱਕਰਵਾਰ 12 ਜਨਵਰੀ 2024 ਨੂੰ ਸ਼ਾਮ ਦੇ 5.30 ਵਜੇ ਤੋਂ ਪਹਿਲਾਂ ਰਜਿਸਟਰ ਹੋਣਗੇ।

ਈ-ਮੇਲ ਪਤੇ ਰਜਿਸਟਰ /ਅਪਡੇਟ ਕਰਨ ਦਾ ਢੰਗ :

(I) ਅੱਗੇ, ਡੀਮੇਟੀਰੇਲਾਈਜ਼ਡ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈ-ਮੇਲ ਪਤੇ ਅਤੇ ਉਨ੍ਹਾਂ ਦੇ ਸੰਬੰਧਤ ਡਿਪਾਜਟਰੀਜ਼ ਕੋਲ ਉਨ੍ਹਾਂ ਦੇ ਡਿਪਾਜਟਰੀ ਪਾਰਟੀਸੀਪੈਂਟਸ ਰਾਹੀਂ ਰਜਿਸਟਰ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਬੇਸ਼ੱਕ ਇਸ ਨੋਟਿਸ ਦੀ ਪ੍ਰਾਪਤੀ ਲਈ ਅਸਾਡੀ ਰਜਿਸਟ੍ਰੇਸ਼ਨ ਲਈ ਮੈਂਬਰ ਆਪਣੀਆਂ ਈ-ਮੇਲ ਆਈਡੀਜ਼ ਸ੍ਰੀ ਸੁਮਿਤ ਭੰਜਵਾਨੀ, ਕੰਪਨੀ ਸੈਕਟਰੀ ਦੇ ਈਮੇਲ ਆਈ ਡੀ cs@midlandmicrofin.com 'ਤੇ ਲਿਖ ਕੇ ਕੰਪਨੀ ਕੋਲ ਰਜਿਸਟਰਡ ਕਰਵਾ ਸਕਦੇ ਹਨ।

(II) ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈ-ਮੇਲ ਆਈਡੀਜ਼ ਸ੍ਰੀ ਸੁਮਿਤ ਭੰਜਵਾਨੀ ਕੰਪਨੀ ਸੈਕਟਰੀ ਨੂੰ ਉਸ ਦੀ ਈਮੇਲ ਆਈ ਡੀ cs@midlandmicrofin.com 'ਤੇ ਫੋਲੀਓ ਨੰਬਰ, ਸ਼ੇਅਰ ਹੋਲਡਰ ਦਾ ਨਾਂਅ, ਪੈਨ, ਮੋਬਾਇਲ ਨੰ. ਈ-ਮੇਲ ਆਈ ਡੀ ਸਮੇਤ ਪੈਨ ਕਾਰਡ, ਆਧਾਰ ਕਾਰਡ ਅਤੇ ਸ਼ੇਅਰ ਸਰਟੀਫਿਕੇਟ (ਅੱਗਿਓਂ ਅਤੇ ਪਿੱਛਿਓਂ) ਦੀ ਖੁਦ ਤਸਦੀਕਸ਼ੁਦਾ ਕਾਪੀ ਭੇਜ ਕੇ ਕੰਪਨੀ ਕੋਲ ਰਜਿਸਟਰ ਕਰਵਾਉਣ ਲਈ ਬੇਨਤੀ ਕੀਤੀ ਜਾਂਦੀ ਹੈ।

ਈ-ਵੋਟਿੰਗ ਰਾਹੀਂ ਵੋਟ ਪਾਉਣ ਦਾ ਢੰਗ :

ਈ ਜੀ ਐੱਮ ਦੌਰਾਨ ਈ ਵੋਟਿੰਗ ਅਤੇ ਈ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ ਰਾਹੀਂ ਹਿੱਸਾ ਲੈਣ, ਰੀਮੋਟ ਈ-ਵੋਟਿੰਗ ਰਾਹੀਂ ਵੋਟ ਪਾਉਣ ਦੀ ਸਹੂਲਤ ਲਈ ਕੰਪਨੀ ਨੇ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ (ਸੀ ਡੀ ਐੱਸ ਐੱਲ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ। ਡੀਮਟੀਰੇਲਾਈਜ਼ਡ ਮੋਡ, ਫਿਜੀਕਲ ਮੋਡ ਅਤੇ ਜਿਨ੍ਹਾਂ ਮੈਂਬਰਾਂ ਦੇ ਈਮੇਲ ਪਤੇ ਰਜਿਸਟਰਡ ਨਹੀਂ ਹਨ, ਲਈ ਵੋਟਿੰਗ ਸਮੇਤ ਰੀਮੋਟ-ਈਵੋਟਿੰਗ ਦਾ ਢੰਗ ਈ ਜੀ ਐੱਮ ਦੇ ਨੋਟਿਸ 'ਚ ਮੁਹੱਈਆ ਕਰਵਾਇਆ ਗਿਆ ਹੈ। ਈ ਜੀ ਐੱਮ 'ਚ ਹਾਜ਼ਰ ਮੈਂਬਰ, ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ, ਈ ਜੀ ਐੱਮ ਵਿਖੇ ਇਲੈਕਟ੍ਰਾਨੀਕਲੀ ਵੋਟ ਪਾਉਣ ਦੇ ਯੋਗ ਹੋਣਗੇ।

ਵੀ ਸੀ /ਓ ਏ ਵੀ ਐੱਮ ਰਾਹੀਂ ਈ ਜੀ ਐੱਮ 'ਚ ਸ਼ਾਮਲ ਹੋਣਾ :

ਵੀ ਸੀ/ਓ ਏ ਵੀ ਐੱਮ ਰਾਹੀਂ ਅਸਧਾਰਨ ਜਨਰਲ ਮੀਟਿੰਗ (ਈ ਜੀ ਐੱਮ) ਦੌਰਾਨ ਹਾਜ਼ਰੀ ਅਤੇ ਵੋਟ ਪਾਉਣ ਸੰਬੰਧੀ ਜ਼ਰੂਰੀ ਵੇਰਵੇ ਇਲੈਕਟ੍ਰਾਨੀਕਲੀ ਭੇਜੇ ਜਾ ਰਹੇ ਈ ਜੀ ਐੱਮ ਨੋਟਿਸ 'ਚ ਦਰਸਾਏ ਜਾਣਗੇ।

ਈ ਜੀ ਐੱਮ 'ਚ ਸ਼ਾਮਲ ਹੋਣ ਲਈ ਮੈਂਬਰਾਂ ਨੂੰ ਰੀਮੋਟ ਈ-ਵੋਟਿੰਗ ਰਾਹੀਂ ਵੋਟ ਪਾਉਣ ਜਾਂ ਈ ਜੀ ਐੱਮ ਵਿਖੇ ਈ-ਵੋਟਿੰਗ ਦੇ ਢੰਗ ਬਾਰੇ ਈ ਜੀ ਐੱਮ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਨ ਦੀ ਬੇਨਤੀ ਕੀਤੀ ਜਾਂਦੀ ਹੈ।

ਬੋਰਡ ਦੇ ਹੁਕਮਾਂ ਅਨੁਸਾਰ
ਵਾਸਤੇ ਮਿਡਲੈਂਡ ਮਾਈਕ੍ਰੋਫਿਨ ਲਿਮਟਿਡ

ਸਥਾਨ : ਜਲੰਧਰ — ਸਹੀ/-
ਮਿਤੀ : 20 ਜਨਵਰੀ 2024 — ਸੁਮਿਤ ਭੰਜਵਾਨੀ, ਕੰਪਨੀ ਸੈਕਟਰੀ ਐੱਮ ਨੰ. ਏ-36611

ਗੁਰਮੀਤ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਇਤਰਾਜ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਤਲ ਤੇ ਜਬਰ ਜਨਾਹ ਦੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਰਕਾਰ ਵੱਲੋਂ ਵਾਰ-ਵਾਰ ਪੈਰੋਲ ਦੇਣ 'ਤੇ ਸਖ਼ਤ ਇਤਰਾਜ਼ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਰਾਮ ਰਹੀਮ ਨਾਲ ਸਰਕਾਰ ਵੱਲੋਂ ਵਿਸ਼ੇਸ਼ ਹਮਦਰਦੀ ਸਵਾਲ ਪੈਦਾ ਕਰਦੀ ਹੈ। ਇਹ ਸਿੱਧੇ ਤੌਰ 'ਤੇ ਸਿਆਸਤ ਤੋਂ ਪ੍ਰੇਰਤ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸਰਕਾਰਾਂ ਦੋਹਰੀ ਨੀਤੀ ਅਪਣਾ ਰਹੀਆਂ ਹਨ। ਇਕ ਪਾਸੇ ਬਲਾਤਕਾਰ ਤੇ ਕਤਲ ਦੇ ਇਲਜ਼ਾਮਾਂ ਵਿਚ ਸਜ਼ਾ ਕੱਟ ਰਹੇ ਵਿਅਕਤੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ, ਜਦਕਿ ਦੂਸਰੇ ਪਾਸੇ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਬਾਰੇ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ

21-JAN-PAGE-7.qxd 1/20/2024 11:08 PM Page 1

ਹਰਿਆਣਾ ਸਰਕਾਰ ਵੱਲੋਂ ਭਲਕੇ ਅੱਧੇ ਦਿਨ ਦੀ ਛੁੱਟੀ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਸਰਕਾਰ ਨੇ ਅਯੋਧਿਆ ਵਿਚ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਾ ਵਿਚ ਭਾਗੀਦਾਰੀ ਤਹਿਤ ਸੂਬੇ ਦੇ ਸਾਰੇ ਵਿਭਾਗਾਂ, ਬੋਰਡਾਂ, ਨਿਗਮਾਂ, ਸਕੂਲ, ਕਾਲਜ, ਯੂਨੀਵਰਸਿਟੀ ਸਮੇਤ ਹੋਰ ਸੰਸਥਾਵਾਂ ਦੇ ਸਾਰੇ ਕਰਮਚਾਰੀਆਂ ਲਈ 22 ਜਨਵਰੀ, 2024 (ਸੋਮਵਾਰ) ਨੂੰ ਅੱਧੇ ਦਿਨ (2:30 ਵਜੇ ਤਕ) ਦੀ ਪਬਲਿਕ ਛੁੱਟੀ ਐਲਾਨ ਕੀਤੀ ਹੈ। ਮਨੁੱਖ ਸੰਸਾਧਨ ਵਿਭਾਗ ਵੱਲੋਂ ਇਸ ਸਬੰਧ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ।

ਪਲੇਸਮੈਂਟ ਕੈਂਪ ਦੌਰਾਨ 20 ਉਮੀਦਵਾਰ ਰੋਜ਼ਗਾਰ ਲਈ ਸ਼ਾਰਟਲਿਸਟ

ਜਲੰਧਰ, (ਸੁਰਿੰਦਰ ਕੁਮਾਰ)-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸ਼ੁੱਕਰਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ 20 ਉਮੀਦਵਾਰਾਂ ਨੂੰ ਰੋਜ਼ਗਾਰ ਲਈ ਸ਼ਾਰਟਲਿਸਟ ਕੀਤਾ ਗਿਆ।ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਬਿਊਰੋ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਪਲੇਸਮੈਂਟ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸੇ ਕੜੀ ਤਹਿਤ ਬਿਊਰੋ ਵਿਖੇ ਕੈਂਪ ਲਗਾਇਆ ਗਿਆ, ਜਿਸ ਵਿੱਚ ਐਕਸਿਸ ਬੈਂਕ, ਆਈਬੈਕਸ ਵਰਲਡ ਐਮਐਨਸੀ., ਪਦਮਾਵਤੀ ਮੈਨੂੰਫੈਕਚਰਿੰਗ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 27 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 20 ਨੌਜਵਾਨ ਰੋਜ਼ਗਾਰ ਲਈ ਸ਼ਾਰਟਲਿਸਟ ਕੀਤੇ ਗਏ।ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੇਰੇ ਮੌਕਿਆਂ ਲਈ ਬਿਊਰੋ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ

ਦਰਬਾਰ ਸਾਹਿਬ ਅੰਮ੍ਰਿਤਸਰ ਦੇ ਇਲਾਹੀ ਦ੍ਰਿਸ਼ਾਂ ਵਾਲਾ ਕੈਲੰਡਰ ਡੀ ਸੀ ਨੂੰ ਭੇਟ

ਜਲੰਧਰ (ਸੁਰਿੰਦਰ ਕੁਮਾਰ)-ਸੇਵਾ ਸੰਕਲਪ ਸੁਸਾਇਟੀ ਦੇ ਪ੍ਰਤੀਨਿਧੀ ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਇਲਾਹੀ ਦ੍ਰਿਸ਼ਾਂ ਨੂੰ ਸੰਕਲਿਤ ਕਰਕੇ ਤਿਆਰ ਕੀਤਾ ਸਾਲ 2024 ਦਾ ਕੈਲੰਡਰ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੂੰ ਭੇਂਟ ਕੀਤਾ ਗਿਆ । ਕੈਲੰਡਰ ਵਿੱਚ ਸ੍ਰੀ ਦਰਬਾਰ ਸਾਹਿਬ , ਪਵਿੱਤਰ ਸਰੋਵਰ , ਬੁੰਗੇ , ਦੁੱਖ ਭੰਜਨੀ ਬੇਰੀ , ਦਰਸ਼ਨੀ ਡਿਓੜੀ, ਮੀਰੀ - ਪੀਰੀ ਦੇ ਨਿਸ਼ਾਨ ਸਾਹਿਬ ਦੀਆਂ ਤਸਵੀਰਾਂ ਨੂੰ ਸੰਕਲਿਤ ਕੀਤਾ ਗਿਆ ਹੈ ।ਡਿਪਟੀ ਕਮਿਸ਼ਨਰ ਇਸ ਕੰਮ ਲਈ ਹਰਪ੍ਰੀਤ ਸੰਧੂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਦਸਤਾਵੇਜ਼ ਨਵੀਂ ਪੀੜ੍ਹੀ ਲਈ ਜਾਣਕਾਰੀ ਦਾ ਵੱਡਾ ਸ੍ਰੋਤ ਸਾਬਿਤ ਹੋਵੇਗਾ ।ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਸੇਵਾ ਸੰਕਲਪ ਸੁਸਾਇਟੀ ਵੱਲੋਂ ਧਾਰਮਿਕ ਅਸਥਾਨਾਂ, ਉਨਾਂ ਦੇ ਇਤਿਹਾਸ ਬਾਰੇ ਤਸਵੀਰਾਂ ਰਾਹੀਂ ਜਾਣਕਾਰੀ ਨਵੀਂ ਪੀੜ੍ਹੀ ਤੱਕ ਪੁੱਜਦੀ ਕਰਨ ਲਈ ਸੰਖੇਪ ਯਤਨ ਕੀਤਾ ਗਿਆ ਹੈ ।

ਮੁੱਖ ਮੰਤਰੀ ਵੱਲੋਂ ਅਗਨੀਵੀਰ ਦੀ ਸ਼ਹਾਦਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 23 ਸਾਲਾ ਫੌਜੀ ਜਵਾਨ ਅਜੈ ਸਿੰਘ ਦੀ ਡਿਊਟੀ ਨਿਭਾਉਂਦੇ ਸਮੇਂ ਹੋਈ ਸ਼ਹਾਦਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਅਗਨੀਵੀਰ ਅਜੈ ਸਿੰਘ, ਜੋ ਖੰਨਾ ਨੇੜਲੇ ਪਿੰਡ ਰਾਮਗੜ੍ਹ ਸਰਦਾਰਾਂ ਦਾ ਰਹਿਣ ਵਾਲਾ ਸੀ, ਇਕ ਬਾਰੂਦੀ ਸੁਰੰਗ ਧਮਾਕੇ ਵਿੱਚ ਸ਼ਹੀਦ ਹੋ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਬਹਾਦਰ ਜਵਾਨ ਨੇ ਜੰਮੂ-ਕਸ਼ਮੀਰ ਵਿਖੇ ਡਿਊਟੀ ਨਿਭਾਉਂਦੇ ਹੋਏ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇਹ ਦੇਸ਼ ਲਈ ਅਤੇ ਖਾਸ ਕਰਕੇ ਪਰਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮੁੱਖ ਮੰਤਰੀ ਨੇ ਬਹਾਦਰ ਸ਼ਹੀਦ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪਰਵਾਰ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਇਸ ਸ਼ਹੀਦ ਨੇ ਆਪਣੀ ਡਿਊਟੀ ਪੂਰੀ ਬਹਾਦਰੀ ਤੇ ਲਗਨ ਨਾਲ ਨਿਭਾਈ ਅਤੇ ਸ਼ਹੀਦ ਦੀ ਕੁਰਬਾਨੀ ਨੌਜਵਾਨਾਂ ਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ। ਭਗਵੰਤ ਸਿੰਘ ਮਾਨ ਨੇ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਦੀ ਨੀਤੀ ਅਨੁਸਾਰ ਪੀੜਤ ਪਰਵਾਰ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

ਢੱਡਵਾਲ ਪਰਵਾਰਾਂ ਨੇ ਕਰਵਾਇਆ ਸਾਲਾਨਾ ਜੋੜ ਮੇਲਾ

ਫਗਵਾੜਾ (ਡਾ. ਰਮਨ) ਦਰਬਾਰ ਪੀਰ ਬਾਬਾ ਲੱਖ ਦਾਤਾ ਜੀ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਵਿਖੇ ਢੱਡਵਾਲ ਪਰਵਾਰਾਂ ਵਲੋਂ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਕਰਵਾਇਆ ਗਿਆ। ਸਵੇਰੇ 10 ਵਜੇ ਝੰਡੇ ਅਤੇ ਚਰਾਗ਼ਾ ਦੀ ਰਸਮ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਈ। ਜਿਸ ਤੋਂ ਬਾਅਦ ਧਾਰਮਿਕ ਸਟੇਜ ਸਜਾਈ ਗਈ ਜਿਸ ਵਿਚ ਕੱਵਾਲ ਪਾਰਟੀਆਂ ਨੇ ਰੂਹਾਨੀ ਕਲਾਮਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਨੱਕਾਲ ਪਾਰਟੀਆਂ ਵਲੋਂ ਵੀ ਫਨ ਦਾ ਮੁਜਾਹਰਾ ਕੀਤਾ ਗਿਆ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਸਾਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ। ਚਾਹ ਪਕੌੜੇ ਅਤੇ ਪੀਰਾਂ ਦਾ ਲੰਗਰ ਅਤੂੱਟ ਵਰਤਾਇਆ ਗਿਆ। ਜੋੜ ਮੇਲੇ ਦੌਰਾਨ ਇਲਾਕੇ ਭਰ ਦੀਆਂ ਸੰਗਤਾਂ ਵੱਡੀ ਗਿਣਤੀ 'ਚ ਮੌਜੂਦ ਸਨ।

15000 ਰੁਪਏ ਦੀ ਰਿਸ਼ਵਤ ਲੈਂਦਾ ਕੰਪਿਊਟਰ ਅਪਰੇਟਰ ਗ੍ਰਿਫ਼ਤਾਰ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਐਂਟੀ ਕੁਰੱਪਸ਼ਨ ਬਿਊਰੋ ਦੀ ਟੀਮ ਨੇ ਜ਼ਿਲ੍ਹਾ ਕਰਨਾਲ ਵਿਚ ਸੈਂਟਰਲ ਇਨਕਮ ਟੈਕਸ ਐਂਡ ਸਰਵਿਸ ਡਿਜੀਵਨ ਰੇਂਜ-22 ਜੀਐਸਟੀ ਏਰੀਆ ਦੇ ਕੰਪਿਊਟਰ ਆਪਰੇਟਰ ਦਿਨੇਸ਼ ਕੁਮਾਰ ਨੂੰ 15000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਬਿਊਰੋ ਨੂੰ ਪ੍ਰਾਪਤ ਸ਼ਿਕਾਇਤ ਅਨੁਸਾਰ ਦਿਨੇਸ਼ ਕੁਮਾਰ ਕੰਪਿਊਟਰ ਆਪਰੇਟਰ ਵੱਲੋਂ ਜੀਐਸਟੀ ਨੰਬਰ ਦੇ ਸਸਪੈਂਸ਼ਨ ਨੂੰ ਰੋਕਣ ਦੇ ਬਦਲੇ ਵਿਚ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਸੀ। ਪ੍ਰਾਪਤ ਸੂਚਨਾ ਦੇ ਆਧਾਰ 'ਤੇ ਬਿਊਰੋ ਦੀ ਟੀਮ ਨੇ ਦੋਸ਼ੀ ਨੂੰ ਫੜਨ ਦੇ ਲਈ ਯੋਜਨਾ ਬਣਾਈ ਅਤੇ 15000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਦੋਸ਼ੀ ਦੇ ਖਿਲਾਫ ਐਂਟੀ ਕੁਰੱਪਸ਼ਨ ਬਿਊਰੋ ਕਰਨਾਲ ਦੇ ਪੁਲਸ ਥਾਣੇ ਵਿਚ ਮੁਕੱਦਮਾ ਦਰਜ ਕਰਦੇ ਹੋਏ ਉਸ ਦੀ ਗ੍ਰਿਫਤਾਰੀ ਕੀਤੀ ਗਈ ਹੈ।

ਆਰ ਐੱਸ ਬੈਂਸ ਬਣੇ ਨਾਰਥ ਜ਼ੋਨ ਦੇ ਚੀਫ ਇੰਜੀਨੀਅਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਚੰਡੀਗੜ੍ਹ ਵਿਖੇ ਤਾਇਨਾਤ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਦੇ ਨਿਗਰਾਨ ਇੰਜੀਨੀਅਰ ਰਮਤੇਸ਼ ਸਿੰਘ ਬੈਂਸ ਨੂੰ ਪੰਜਾਬ ਸਰਕਾਰ ਨੇ ਤਰੱਕੀ ਦੇ ਕੇ ਚੀਫ ਇੰਜੀਨੀਅਰ ਨਾਰਥ ਜੋਨ ਬਣਾ ਦਿੱਤਾ ਹੈ ਅਤੇ ਉਹਨਾਂ ਆਪਣਾ ਚੰਡੀਗੜ੍ਹ ਅਤੇ ਪਟਿਆਲਾ ਵਿਖੇ ਆਪਣੇ ਆਹੁਦੇ ਦਾ ਚਾਰਜ ਸੰਭਾਲ ਲਿਆ ਹੈ। ਜ਼ਿਲ੍ਹਾ ਹੁਸ਼ਿਆਰਪੁਰ ਸੁਤੰਤਰਤਾ ਸੰਗਰਾਮੀਆਂ ਦੇ ਮਸ਼ਹੂਰ ਪਿੰਡ ਕੋਟਲਾ ਨੌਧ ਸਿੰਘ ਦੇ ਜੰਮਪਲ ਬੈਂਸ ਬਹੁਤ ਹੀ ਮਿਹਨਤੀ ਮਿੱਠ ਬੋਲੜੇ ਸੁਭਾਅ ਦੇ ਇੱਕ ਨਿੰਪੁਨ ਅਧਿਕਾਰੀ ਹਨ। ਉਹਨਾਂ ਦੇ ਪਿੰਡ ਵਾਸੀਆਂ ਵਿੱਚ ਚੀਫ ਇੰਜੀਨੀਅਰ ਬਣਨ 'ਤੇ ਖੁਸ਼ੀ ਮਨਾਈ ਜਾ ਰਹੀ ਹੈ ।ਬੈਂਸ ਨੇ ਆਪਣੀ ਸਰਵਿਸ ਦੀ ਸ਼ੁਰੂਆਤ ਬਤੌਰ ਐਸ.ਡੀ.ਓ ਵੱਜੋਂ ਕੀਤੀ ਸੀ। ਉਹ ਕਾਫੀ ਸਮੇਂ ਤੋਂ ਹੁਸ਼ਿਆਰਪੁਰ ਵਿਖੇ ਐਸ.ਡੀ.ਓ ਤੇ ਐਕਸੀਅਨ ਵੱਜੋਂ ਆਪਣੀਆਂ ਸੇਵਾਵਾਂ ਬਾਖੂਬੀ ਨਿਭਾ ਚੁੱਕੇ ਹਨ।

ਪੰਦਰਵਾੜੇ ਦੌਰਾਨ ਲਗਾਏ ਜਾਣਗੇ ਦੰਦਾਂ ਦੇ ਪੀੜ੍ਹ : ਡਾ. ਬਲਦੇਵ ਸਿੰਘ

ਬੁੱਲ੍ਹੋਵਾਲ, (ਵਿਰਦੀ) ਪੀ.ਐਚ.ਸੀ. ਚੱਕੋਵਾਲ ਵਿਖੇ 1 ਫਰਵਰੀ ਤੋਂ 15 ਫਰਵਰੀ ਤੱਕ 37ਵਾਂ ਡੈਂਟਲ ਸਿਹਤ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਦੰਦਾਂ ਦੇ ਪੀੜ੍ਹ ਮੁਫ਼ਤ ਲਗਾਏ ਜਾਣਗੇ।ਇਹ ਜਾਣਕਾਰੀ ਸੀਨੀਅਰ ਮੈਡੀਕਲ ਅਫਸਰ ਪੀ.ਐਚ.ਸੀ. ਚੱਕੋਵਾਲ ਡਾ. ਬਲਦੇਵ ਸਿੰਘ ਨੇ ਦਿੱਤੀ। ਉਹਨਾਂ ਦੱਸਿਆ ਕਿ ਹਰ ਸਾਲ ਵਾਂਗ ਲੋਕਾਂ ਨੂੰ ਸਰਕਾਰ ਵੱਲੋਂ ਦੰਦਾਂ ਦੀਆਂ ਸੇਵਾਂਵਾਂ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਦੌਰਾਨ ਦੰਦਾਂ ਦੀ ਜਾਂਚ ਮੁਫ਼ਤ ਕੀਤੀ ਜਾਵੇਗੀ ਅਤੇ ਲੋੜਵੰਦ ਲੋਕਾਂ ਦੇ ਦੰਦਾਂ ਦੇ ਸੈੱਟ ਵੀ ਮੁਫ਼ਤ ਲਗਾਏ ਜਾਣਗੇ। ਉਹਨਾਂ ਕਿਹਾ ਕਿ ਦੰਦ ਸਾਡੇ ਸਰੀਰ ਦਾ ਬਹੁਤ ਮਹੱਤਵਪੂਰਨ ਅੰਗ ਹਨ ਇਸ ਲਈ ਇਨ੍ਹਾਂ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ। ਦੰਦਾਂ ਤੋਂ ਬਿਾਂਾ ਅਸੀਂ ਕੋਈ ਵੀ ਚੀਜ਼ ਚੰਗੀ ਤਰਾਂ ਨਹੀਂ ਖਾ ਸਕਦੇ। ਉਹਨਾਂ ਕਿਹਾ ਕਿ ਸਾਨੂੰ ਦੰਦਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਤੇ ਇਹਨਾਂ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਛੇ ਮਹੀਨੇ ਵਿਚ ਇੱਕ ਵਾਰ ਡਾਕਟਰ ਕੋਲ ਜਾ ਕੇ ਦੰਦਾਂ ਦੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਬੁਰਸ਼ ਕਰਨਾ ਜ਼ਰੂਰੀ ਹੈ ਤਾਂ ਕਿ ਦੰਦ ਖਰਾਬ ਹੋਣ ਤੋਂ ਬਚ ਸਕਣ।

24 ਕਰੋੜ ਤੋਂ ਵੱਧ ਲੋਕ ਗਰੀਬੀ 'ਚੋਂ ਬਾਹਰ ਆਏ : ਸ਼ੇਖਾਵਤ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਪਿਛਲੇ 10 ਸਾਲਾਂ ਵਿੱਚ ਦੇਸ਼ ਵਿੱਚ 24 ਕਰੋੜ ਤੋਂ ਵੱਧ ਲੋਕ ਗਰੀਬੀ 'ਚੋਂ ਬਾਹਰ ਆਏ ਹਨ। ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਲੋਕ ਪੱਖੀ ਨੀਤੀਆਂ ਕਾਰਨ ਇਹ ਸੰਭਵ ਹੋਇਆ ਹੈ, ਜਿਨ੍ਹਾਂ ਦਾ ਮਕਸਦ ਹਰੇਕ ਵਿਅਕਤੀ ਤੱਕ ਲਾਭ ਪਹੁੰਚਾਉਣਾ ਹੈ। ਪਿੰਡ ਚੱਬੇਵਾਲ ਸਮੇਤ ਹੁਸ਼ਿਆਰਪੁਰ ਵਿੱਚ ਦੋ ਥਾਵਾਂ 'ਤੇ ਵਿਕਸਿਤ ਭਾਰਤ ਸੰਕਲਪ ਯਾਤਰਾ ਪ੍ਰੋਗਰਾਮ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਗਜੇਂਦਰ ਸਿੰਘ ਸੇਖਾਵਤ ਨੇ ਕਿਹਾ ਕਿ ਇਸ ਯਾਤਰਾ ਨਾਲ ਹਜਾਰਾਂ ਲੋਕ ਜੁੜ ਰਹੇ ਹਨ ਅਤੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦਾ ਮੌਕੇ 'ਤੇ ਹੀ ਲਾਭ ਲੈ ਰਹੇ ਹਨ ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਸੰਕਲਪ ਯਾਤਰਾ ਦਾ ਮੁੱਖ ਮੰਤਵ ਅਜਿਹੇ ਲੋਕਾਂ ਤੱਕ ਪਹੁੰਚਣਾ ਹੈ, ਜੋ ਕਿਸੇ ਨਾ ਕਿਸੇ ਕਾਰਨ ਕਰਕੇ ਅਜੇ ਵੀ ਸਰਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝੇ ਹਨ। ਉਨ੍ਹਾਂ। ਕਿਹਾ ਕਿ ਹੁਣ ਤੱਕ ਇਸ ਯਾਤਰਾ ਰਾਹੀਂ ਦੇਸ਼ ਭਰ ਦੀਆਂ 80 ਫੀਸਦੀ ਪੰਚਾਇਤਾਂ ਨੂੰ ਕਵਰ ਕੀਤਾ ਜਾ ਚੁੱਕਾ ਹੈ ਅਤੇ 15 ਕਰੋੜ ਤੋਂ ਵੱਧ ਲੋਕ ਕੇਂਦਰ ਸਰਕਾਰ ਦੇ ਇਸ ਉਪਰਾਲੇ ਨਾਲ ਜੁੜ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲੋਕ ਇਸ ਯਾਤਰਾ ਵਿੱਚ ਸ਼ਾਮਲ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ 'ਮੋਦੀ ਦੀ ਗਰੰਟੀ ਵਾਲੀ ਯਾਤਰਾ' ਲੋੜਵੰਦਾਂ ਨੂੰ ਲਾਭ ਪਹੁੰਚਾ ਰਹੀ ਹੈ। ਕੇਂਦਰੀ ਮੰਤਰੀ ਵੱਲੋਂ ਦੋਵਾਂ ਥਾਵਾਂ 'ਤੇ ਉੱਜਵਲਾ ਯੋਜਨਾ ਤਹਿਤ ਕੁਝ ਪਰਵਾਰਾਂ ਨੂੰ ਗੈਸ ਕੁਨੈਕਸ਼ਨ ਦਿੱਤੇ ਗਏ। ਜਲ ਸ਼ਕਤੀ ਮੰਤਰੀ ਨੇ ਕਿਹਾ ਕਿ ਕੇਂਦਰ ਵਿੱਚ ਮੌਜੂਦਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਦੇਸ਼ ਦੀ ਸਿਰਫ 16 ਫੀਸਦੀ ਆਬਾਦੀ ਨੂੰ ਪੀਣ ਯੋਗ ਟੂਟੀ ਰਾਹੀਂ ਪਾਣੀ ਮਿਲਦਾ ਸੀ, ਪਰ 2019 ਵਿੱਚ ਜਲ ਜੀਵਨ ਮਿਸ਼ਨ ਦੀ ਸ਼ੁਰੂਆਤ ਤੋਂ ਬਾਅਦ ਹੁਣ 14 ਕਰੋੜ ਤੋਂ ਵੱਧ ਘਰਾਂ ਨੂੰ ਟੂਟੀ ਰਾਹੀਂ ਪਾਣੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਤਹਿਤ ਪੂਰਾ ਪੰਜਾਬ ਕਵਰ ਕੀਤਾ ਗਿਆ ਹੈ ਅਤੇ ਹੁਣ ਹਰ ਘਰ ਵਿੱਚ ਟੂਟੀ ਰਾਹੀਂ ਪਾਣੀ ਪਹੁੰਚ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਜਲਦੀ ਹੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਵੱਡੇ ਪੱਧਰ 'ਤੇ ਹੋਈ ਤਰੱਕੀ ਸਦਕਾ ਸਾਰੀ ਦੁਨੀਆ ਭਾਰਤ ਵੱਲ ਦੇਖ ਰਹੀ ਹੈ, ਜੋ ਬਹੁਤ ਜਲਦੀ ਵਿਕਸਤ ਰਾਸ਼ਟਰ ਬਣਨ ਜਾ ਰਿਹਾ ਹੈ। ਉਨ੍ਹਾਂ ਸਾਰਿਆਂ ਨੂੰ ਦੇਸ਼ ਦੇ ਵਿਕਾਸ ਦਾ ਹਿੱਸਾ ਬਣਨ ਅਤੇ ਦੇਸ਼ ਦੀ ਤਰੱਕੀ ਲਈ ਕੰਮ ਕਰਨ ਲਈ ਇੱਕ ਜੁੱਟ ਹੋਣ ਦਾ ਸੱਦਾ ਦਿੱਤਾ। ਜਨ ਔਸਧੀ ਕੇਂਦਰ, ਆਯੁਸ਼ਮਾਨ ਕਾਰਡ ਆਦਿ ਕੇਂਦਰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਦੱਸਦਿਆਂ ਸ਼ੇਖਾਵਤ ਨੇ ਕਿਹਾ ਕਿ ਸਾਰਿਆਂ ਨੂੰ ਇਕੱਠੇ ਹੋ ਕੇ ਯੋਜਨਾਵਾਂ ਦਾ ਲਾਹਾ ਲੈ ਕੇ ਇੱਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਵਿਕਸਿਤ ਭਾਰਤ ਲਈ ਸੰਕਲਪ ਵੀ ਲਿਆ ਗਿਆ।

ਜਰਮਨੀ ਦੀ ਰਿਸਰਚ 'ਵਰਸਿਟੀ ਐੱਫ ਐੱਚ ਐੱਮ ਤੇ ਐੱਲ ਪੀ

21-JAN-PAGE-8.qxd 1/20/2024 11:06 PM Page 1

ਐੱਸ ਜੀ ਪੀ ਸੀ ਵੋਟਾਂ ਲਈ ਬਹੁਤੇ ਬੀ.ਐਲ.ਓ ਨੇ ਸੇਵਾਵਾਂ ਨਹੀਂ ਦਿੱਤੀਆਂ : ਰਾਣਾ

ਜਲੰਧਰ (ਇਕਬਾਲ ਸਿੰਘ ਉਭੀ) ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਪੰਜਾਬ ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਸੰਗਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੋਟ ਦੇ ਨਿਯਮ ਤੇ ਅਧਿਕਾਰ ਖੇਤਰ ਤੋਂ ਵੋਟਰਾਂ ਨੂੰ ਜਾਣੂ ਕਰਵਾਇਆ ਗਿਆ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਸਿਰਮੌਰ ਜਥੇਬੰਦੀ ਹੈ ਜਿਸ ਦੇ ਸੁਚੱਜੇ ਪ੍ਰਬੰਧ ਚਲਾਉਣ ਵਾਸਤੇ ਗੁਰਸਿੱਖਾਂ ਨੂੰ ਆਪਣੇ ਧਾਰਮਿਕ ਪਰਵਿਰਤੀ ਵਾਲੇ ਮੈਂਬਰਾਂ ਦੀ ਚੋਣ ਲਈ ਇਹਨਾਂ ਵੋਟਾਂ ਦਾ ਅਧਿਕਾਰ ਦਿੱਤਾ ਜਾਂਦਾ ਹੈ ਜੋ ਆਪਣੀ ਮਰਜ਼ੀ ਨਾਲ ਮੈਂਬਰ ਚੁਣ ਕੇ ਸਿੱਖਾਂ ਦੀ ਮਿਨੀ ਪਾਰਲੀਮੈਂਟ ਵਿੱਚ ਭੇਜਦੇ ਹਨ। ਸੁੱਚੀ ਪਿੰਡ ਬੂਥ ਤੇ ਬੀ.ਐਲ.ਓ ਨੇ ਕੈਂਪ ਲਗਾਇਆ ਗਿਆ। ਰਾਣਾ ਨੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਅਪੀਲ ਕਰਦਿਆਂ ਕਿਹਾ ਕਿ ਬਹੁਤ ਸਾਰੇ ਬੂਥਾਂ ਤੇ ਬੀ.ਐਲ.ਓਜ ਵਲੋਂ ਆਪਣੀਆਂ ਡਿਊਟੀਆਂ ਜਿੰਮੇਵਾਰੀ ਨਾਲ ਨਹੀਂ ਨਿਭਾਈਆਂ ਗਈਆਂ ਜਿਨ੍ਹਾਂ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਤਾਲਮੇਲ ਦੀ ਬਹੁਤ ਘਾਟ ਮਹਿਸੂਸ ਕੀਤੀ ਗਈ। ਉਹਨਾਂ ਸਮੂਹ ਸਿੰਘ ਸਭਾਵਾਂ ਦੇ ਪ੍ਰਬੰਧਕਾਂ ਨੂੰ ਵੱਧ ਤੋਂ ਵੱਧ ਆਪਣੇ ਗੁਰਸਿੱਖਾਂ ਦੀਆਂ ਵੋਟਾਂ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਸੁਖਦੇਵ ਸਿੰਘ ਸੁੱਚੀ ਪਿੰਡ, ਕਰਨੈਲ ਸਿੰਘ, ਹਰਭਜਨ ਸਿੰਘ, ਬਲਵੀਰ ਸਿੰਘ ਬਿੱਲੂ, ਗੁਰਮੇਜ ਸਿੰਘ, ਫੁੰਮਣ ਸਿੰਘ, ਪਰਮਜੀਤ ਸਿੰਘ ਪੰਮਾ, ਜਸਵੀਰ ਸਿੰਘ ਬੱਬੂ, ਮਨਜਿੰਦਰ ਸਿੰਘ ਚੱਠਾ, ਸੰਸਾਰ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

2 ਘੰਟਿਆਂ ਲਈ ਟੋਲ ਪਲਾਜ਼ਾ ਕੀਤਾ ਫ੍ਰੀ

ਫਿਲੌਰ (ਨਿਰਮਲ)- ਸ਼ਨੀਵਾਰ ਨੂੰ ਲਾਡੋਵਾਲ ਟੋਲ ਪਲਾਜ਼ਾ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਅਤੇ ਬੰਦੀ ਸਿੰਘ ਕੌਮੀ ਰਿਹਾਈ ਮੋਰਚਾ ਵੱਲੋਂ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਧਰਨਾ ਲਗਾਇਆ ਗਿਆ ਅਤੇ 2 ਘੰਟਿਆਂ ਲਈ ਟੋਲ ਤੋਂ ਲੰਘਣ ਵਾਲੇ ਵਾਹਨਾਂ ਲਈ ਟੋਲ ਫਰੀ ਕਰਵਾਇਆ ਗਿਆ। ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ 30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਕੀਤੇ ਬੰਦੀ ਸਿੰਘਾਂ ਦੀ ਸਜ਼ਾ ਪੂਰੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਰਿਹਾਅ ਨਾ ਕਰਨਾ ਬੜੀ ਮੰਦਭਾਗੀ ਗੱਲ ਹੈ ਕੇਂਦਰ ਸਰਕਾਰ ਲਈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਹੀ ਕਾਲੇ ਕਾਨੂੰਨ ਬਣਾ ਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਬੰਦੀ ਸਿੰਘਾਂ ਨੂੰ ਸਰਕਾਰ ਜਲਦ ਰਿਹਾ ਕਰੇ।ਇਸ ਮੌਕੇ ਬਿੱਟੂ ਚਾਂਦ ਮੁਹੰਮਦ, ਸ਼ਮਸ਼ੇਰ ਅਹਿਮਦ, ਹਰਿੰਦਰ ਸਿੰਘ, ਅਮਨਦੀਪ ਸਿੰਘ, ਗੁਰਸੇਵਕ ਸਿੰਘ ਨੰਦਪੁਰੀ ਅਤੇ ਹੋਰ ਹਾਜ਼ਰ ਸਨ।

ਸਵੱਪਨਦੀਪ ਕੌਰ ਨੇ ਬਤੌਰ ਤਹਿਸੀਲਦਾਰ ਚਾਰਜ ਸੰਭਾਲਿਆ

ਫਿਲੌਰ (ਨਿਰਮਲ)- ਬੀਤੇ ਕੁੱਝ ਸਮੇਂ ਤੋਂ ਤਹਿਸੀਲ ਫਿਲੌਰ ਵਿਖੇ ਤਹਿਸੀਲਦਾਰ ਨਾ ਹੋਣ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਮੈਡਮ ਸਵੱਪਨਦੀਪ ਕੌਰ ਵੱਲੋਂ ਬਤੌਰ ਤਹਿਸੀਲਦਾਰ ਫਿਲੌਰ ਵੱਜੋਂ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਤਹਿਸੀਲ ਪੱਧਰ ਦੇ ਕੰਮ ਹਨ ਉਨ੍ਹਾਂ ਨੂੰ ਪਾਰਦਰਸ਼ੀ ਢੰਗ ਨਾਲ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਅਗਰ ਕੰਮ ਸਬੰਧੀ ਕਿਸੇ ਨੂੰ ਕੋਈ ਵੀ ਮੁਸ਼ਕਲ ਆਉਂਦੀ ਹੈ ਉਹ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

ਆਮ ਜਨਤਾ ਲਈ 2 ਘੰਟੇ ਫ੍ਰੀ ਕੀਤਾ ਗਿਆ ਟੌਲ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੁਆਉਣ ਲਈ ਅਤੇ ਬੇਦੀ ਸਿੰਘ ਦੀ ਰਿਹਾਈ ਕਰਵਾਉਣ ਲਈ ਸ਼ਹੀਦ ਭਾਈ ਗਰਜਾ ਸਿੰਘ ਤੇ ਸ਼ਹੀਦ ਭਾਈ ਬੋਤਾ ਸਿੰਘ ਦੇ ਸ਼ਨਿੱਚਰਵਾਰ ਨੂੰ ਬਛੂਆ ਪਨਿਆਲੀ ਟੌਲ 11 ਵਜੇ ਤੋਂ 2 ਵਜੇ ਤੱਕ ਆਮ ਜਨਤਾ ਲਈ ਫ੍ਰੀ ਕੀਤਾ ਗਿਆ। ਕੌਮੀ ਇਨਸਾਫ਼ ਮੋਰਚਾ ਮੋਹਾਲੀ ਵਲੋਂ ਦਿੱਤੇ ਸੱਦੇ 'ਤੇ ਵਾਰਸਾਂ ਪੰਜਾਬ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕਿਸਾਨ ਜਥੇਬੰਦੀਆਂ ਪੰਥਕ ਦੁਆਬਾ ਦਲ ਵਲੋਂ ਸ਼ਮੂਲੀਅਤ ਕੀਤੀ ਗਈ ਜਿਸ ਵਿੱਚ ਜ਼ਿਲ੍ਹੇ ਦੇ ਸਰਪ੍ਰਸਤ ਬਾਬਾ ਜਸਵੀਰ ਸਿੰਘ ਖਾਲਸਾ ਵਾਰਸ ਪੰਜਾਬ ਦੇ ਪ੍ਰਧਾਨ ਹਰਨੇਕ ਸਿੰਘ ਭਾਈ ਪਾਲ ਸਿੰਘ ਫਰਾਂਸ ਕਨਵੀਨਰ ਕੌਮੀ ਇਨਸਾਫ਼ ਮੋਰਚਾ ਵਕੀਲ ਗੁਰਸ਼ਰਨ ਸਿੰਘ ਧਾਲੀਵਾਲ ਅਮਰਜੀਤ ਸਿੰਘ ਖਾਲਸਾ, ਭਾਈ ਦਲਵੀਰ ਸਿੰਘ ਹਰਜਿੰਦਰ ਸਿੰਘ ਖਾਲਸਾ ਗੁਰਵਿੰਦਰ ਸਿੰਘ ਚੀਮਾ ਚੰਨਣ ਸਿੰਘ ਮੋਹਣ ਸਿੰਘ ਮਹਿਤਪੁਰ ਬੀਬੀ ਕੁਲਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ, ਮਨਜੀਤ ਸਿੰਘ ਵਜੀਦ, ਅੰਮ੍ਰਿਤ ਪਾਲ ਸਿੰਘ ਪਰਮਜੀਤ ਸਿੰਘ ਹਾਜ਼ਰ ਸਨ।

ਪਿੰਡ ਪੁਆਦੜਾ ਵਿਖੇ ਆਂਗਣਵਾੜੀ ਤੋਂ ਕ੍ਰਿਸ਼ਨਾ ਕੁਮਾਰੀ, ਮੈਡਮ ਹਰਮਿੰਦਰ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ ਅਤੇ ਹਰਵਿੰਦਰ ਕੌਰ ਆਦਿ ਵਰਕਰਾਂ, ਹੈਲਪਰਾਂ ਅਤੇ ਪਿੰਡ ਪੁਆਦੜਾ ਵਾਸੀ ਲੋਹੜੀ ਦਾ ਤਿਉਹਾਰ ਮਨਾਉਂਦੇ ਹੋਏ। (ਫੋਟੋ ਤੇ ਵੇਰਵਾ : ਬਾਲੀ ਪੱਤਰਕਾਰ ਨੂਰਮਹਿਲ)

ਸਥਾਨਕ ਸਰਕਾਰਾਂ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਉੱਚ ਪੱਧਰੀ ਗੁਣਵੱਤਾ ਲਿਆਉਣ ਦੇ ਨਿਰਦੇਸ਼

ਚੰਡੀਗੜ੍ਹ (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਬਿਹਤਰ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਦੇ ਮੱਦੇਨਜ਼ਰ ਸੂਬਾ ਸਰਕਾਰ ਵੱਲੋਂ ਪੰਜਾਬ ਭਰ 'ਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਹ ਪ੍ਰਗਟਾਵਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕੀਤਾ। ਇਥੇ ਮਿਉਂਸੀਪਲ ਭਵਨ ਸੈਕਟਰ-35 ਚੰਡੀਗੜ੍ਹ ਵਿਖੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਕਮਿਸਨਰ ਨਗਰ ਨਿਗਮ ਜਲੰਧਰ, ਕਪੂਰਥਲਾ ਅਤੇ ਫਗਵਾੜਾ, ਵਧੀਕ ਡਿਪਟੀ ਕਮਿਸਨਰ (ਸਹਿਰੀ ਵਿਕਾਸ/ਜਨਰਲ), ਜਲੰਧਰ ਅਤੇ ਕਪੂਰਥਲਾ ਤੋਂ ਇਲਾਵਾ ਨਗਰ ਕੌਂਸਲ/ਨਗਰ ਪੰਚਾਇਤ, ਨਕੋਦਰ, ਆਦਮਪੁਰ, ਅਲਾਵਲਪੁਰ, ਭੋਗਪੁਰ, ਕਰਤਾਰਪੁਰ, ਨੂਰਮਹਿਲ, ਫਿਲੌਰ, ਗੋਰਾਇਆ, ਲੋਹੀਆ ਖਾਸ, ਮਹਿਤਪੁਰ, ਸਾਹਕੋਟ, ਬਿਲਗਾ, ਸੁਲਤਾਨਪੁਰ ਲੋਧੀ, ਭਲੁੱਥ, ਬੇਗੋਵਾਲ, ਨਡਾਲਾ ਅਤੇ ਢਿਲੱਵਾਂ ਦੇ ਕਾਰਜ ਸਾਧਕ ਅਫਸਰਾਂ ਪਾਸੋਂ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਸਬੰਧੀ ਸਮੀਖਿਆ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਚੱਲ ਰਹੇ ਕਾਰਜਾਂ ਵਿੱਚ ਉੱਚ ਪੱਧਰੀ ਗੁਣਵੱਤਾ ਲਿਆਉਣ ਦੇ ਨਿਰਦੇਸ਼ ਦਿੱਤੇ ਗਏ। ਇਸ ਰੀਵੀਊ ਮੀਟਿੰਗ ਵਿੱਚ ਮੈਂਬਰ ਆਫ ਪਾਰਲੀਮੈਂਟ ਸ੍ਰੀ ਸੁਸੀਲ ਕੁਮਾਰ ਰਿੰਕੂ ਅਤੇ ਵਿਧਾਇਕਾਂ ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜਾਂ ਨੇ ਵਿਸੇਸ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਮੰਤਰੀ ਵੱਲੋਂ ਮੈਂਬਰਾਂ ਦੇ ਹਲਕਿਆਂ ਦੇ ਕਾਰਜਾਂ ਅਤੇ ਫੰਡਾਂ ਬਾਰੇ ਉਹਨਾਂ ਨਾਲ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ ਗਈ। ਸਥਾਨਕ ਸਰਕਾਰਾਂ ਮੰਤਰੀ ਨੇ ਮੀਟਿੰਗ ਦੌਰਾਨ ਸਵੱਛ ਭਾਰਤ ਮਿਸ਼ਨ, ਅਮਰੁਤ ਮਿਸ਼ਨ ਅਧੀਨ ਆਉਂਦੇ ਵੱਖ-ਵੱਖ ਪ੍ਰਾਜੈਕਟਾਂ/ਕੰਮਾਂ ਜਿਵੇਂ ਕਿ ਸਵੱਛ ਭਾਰਤ ਮਿਸ਼ਨ 1 ਅਤੇ 2 ਅਧੀਨ ਅਣਵਰਤੀ ਰਾਸ਼ੀ, ਬਣ ਰਹੇ ਸੀਵਰੇਜ ਟਰੀਟਮੈਂਟ ਪਲਾਂਟਾਂ ਲਈ ਜਗ੍ਹਾ ਦੀ ਉਪਲਬੱਧਤਾ ਅਤੇ ਅਮਰੁਤ 2 ਅਧੀਨ ਵਾਟਰ ਟਰੀਟਮੈਂਟ ਪਲਾਂਟਾਂ ਲਈ ਜਗ੍ਹਾ ਦੀ ਉਪਲਬੱਧਤਾ, ਟਰਾਂਚ-3 ਅਮਰੁਤ ਅਤੇ ਐਮ.ਡੀ.ਐਫ./ਪੀ.ਆਈ.ਡੀ.ਬੀ. ਅਧੀਨ ਚਲ ਰਹੇ ਵਿਕਾਸ ਕਾਰਜਾਂ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰ ਪੂਰਵਕ ਚਰਚਾ ਕਰਦਿਆਂ ਇਹਨਾਂ ਕੰਮਾਂ ਦੀ ਮੁਕੰਮਲ ਜਾਣਕਾਰੀ ਪ੍ਰਾਪਤ ਕਰਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਵਿਕਾਸ ਕਾਰਜਾਂ ਨੂੰ ਨਿਰਧਾਰਿਤ ਸਮਾਂ ਸੀਮਾ ਅੰਦਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਨੇ ਅੱਗੇ ਅਧਿਕਾਰੀਆਂ ਨੂੰ ਕਿਹਾ ਕਿ ਜਿਨ੍ਹਾਂ ਕੰਮਾਂ ਦੀ ਡੀਪੀਆਰ ਮਨਜ਼ੂਰ ਹੋ ਚੁੱਕੀ ਹੈ ਉਨ੍ਹਾਂ ਕੰਮਾਂ ਦੀ ਦਫਤਰੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ ਜਲਦ ਤੋਂ ਜਲਦ ਕੰਮ ਸ਼ੁਰੂ ਕੀਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਕਿਹਾ ਕਿ ਹੋਰਨਾਂ ਕਾਰਜਾਂ ਲਈ ਡੀ ਪੀ ਆਰ ਦੀ ਮੰਜ਼ੂਰੀ ਸਬੰਧੀ ਪ੍ਰਕਿਰਿਆ ਜਲਦੀ ਸ਼ੁਰੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਿਥੇ ਕਿਤੇ ਸੀਵਰੇਜ ਟਰੀਟਮੈਂਟ ਪਲਾਂਟਾਂ ਅਤੇ ਵਾਟਰ ਟਰੀਟਮੈਂਟ ਪਲਾਂਟਾਂ ਲਈ ਜਗ੍ਹਾ ਦੀ ਉਪਲਬੱਧਤਾ ਬਾਰੇ ਦਿੱਕਤ ਪੇਸ਼ ਆ ਰਹੀ ਹੋਵੇ ਉਥੇ ਸਬੰਧਤ ਹਲਕੇ ਦੇ ਵਿਧਾਇਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਇਸ ਮਸਲੇ ਦਾ ਜਲਦੀ ਹੱਲ ਕੱਢਿਆ ਜਾਵੇ ਤਾਂ ਜੋ ਸੂਬਾ ਵਾਸੀਆਂ ਨੂੰ ਸਾਫ-ਸੁਥਰਾ ਵਾਤਾਵਰਣ ਮੁਹੱਈਆ ਕਰਵਾਇਆ ਜਾ ਸਕੇ। ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਅਧਿਕਾਰੀਆਂ ਨੂੰ ਕਿਹਾ ਕਿ ਵੱਖ-ਵੱਖ ਸਕੀਮਾਂ ਅਧੀਨ ਅਣਵਰਤੇ ਫੰਡਾਂ ਨੂੰ ਜਲਦ ਤੋਂ ਜਲਦ ਖਰਚ ਕੀਤਾ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖਤੀ ਨਾਲ ਆਦੇਸ਼ ਦਿੱਤੇ ਕਿ ਵੱਖ-ਵੱਖ ਸਕੀਮਾਂ ਅਧੀਨ ਅਣਵਰਤੇ ਫੰਡਾਂ ਨੂੰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖਰਚ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਅਧਿਕਾਰੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ। ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਆਪੋ-ਆਪਣੇ ਖੇਤਰ ਵਿੱਚ ਸੀਵਰੇਜ ਦੀ ਸਾਫ-ਸਫਾਈ, ਪਾਰਕਾਂ ਦੇ ਰੱਖ ਰਖਾਅ, ਸਟਰੀਟ ਲਾਈਟਾਂ ਆਦਿ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਇਸ ਤੋਂ ਇਲਾਵਾ ਇਲਾਕੇ ਵਿੱਚ ਵਿਰਾਸਤੀ ਰਹਿੰਦ-ਖੂੰਹਦ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਜੇਕਰ ਵਿਕਾਸ ਕਾਰਜਾਂ ਲਈ ਕਿਸੇ ਨੂੰ ਹੋਰ ਵਾਧੂ ਫੰਡਾਂ ਦੀ ਲੋੜ ਹੋਵੇ ਤਾਂ ਇਸ ਸਬੰਧੀ ਮੁਕੰਮਲ ਐਕਸ਼ਨ ਪਲਾਨ ਮੁੱਖ ਦਫ਼ਤਰ ਨੂੰ ਭੇਜਿਆ ਜਾਵੇ। ਇਸ ਦੌਰਾਨ ਕੈਬਨਿਟ ਮੰਤਰੀ ਬਲਕਾਰ ਸਿੰਘ ਵੱਲੋਂ ਹਲਕੇ ਦੇ ਵਿਧਾਇਕਾਂ ਨੂੰ ਵੱਖ-ਵੱਖ ਸਕੀਮਾਂ ਅਧੀਨ ਆਉਂਦੇ ਵੱਖ-ਵੱਖ ਕਾਰਜਾਂ ਅਤੇ ਇਸ ਸਬੰਧੀ ਜਾਰੀ ਕੀਤੇ ਫੰਡਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਉਨ੍ਹਾਂ ਵੱਲੋਂ ਵਿਧਾਇਕਾਂ ਨਾਲ ਇਹ ਜਾਣਕਾਰੀ ਵੀ ਸਾਂਝੀ ਕੀਤੀ ਗਈ ਕਿ ਕਿਹੜੀ ਸਕੀਮ ਅਧੀਨ ਕਿੰਨਾ ਬਜਟ ਅਲਾਟ ਕੀਤਾ ਗਿਆ ਹੈ ਤਾਂ ਜੋ ਸਮਾਂਬੱਧ ਅਤੇ ਸੁਚੱਜੇ ਢੰਗ ਨਾਲ ਵਿਕਾਸ ਕਾਰਜਾਂ ਨੂੰ ਨੇਪਰੇ ਚੜ੍ਹਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਸੂਬੇ ਦਾ ਵਿਆਪਕ ਵਿਕਾਸ ਕਰਨਾ ਹੈ। ਉਨ੍ਹਾਂ ਵੱਲੋਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਆਪਣੇ ਹਲਕੇ ਦੇ ਵਿਧਾਇਕਾਂ ਨਾਲ ਵਿਕਾਸ ਕਾਰਜਾਂ ਸਬੰਧੀ ਰਾਬਤਾ ਕਾਇਮ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵਿਕਾਸ ਕਾਰਜਾਂ ਸਬੰਧੀ ਸਾਰੀ ਜਾਣਕਾਰੀ ਵਿਧਾਇਕਾਂ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਆਮ ਲੋਕਾਂ ਦੀ ਜ਼ਰੂਰਤ ਅਨੁਸਾਰ ਇਲਾਕਾ ਵਾਸੀਆਂ ਲਈ ਵਿਕਾਸ ਕਾਰਜ ਕਰਵਾਏ ਜਾ ਸਕਣ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਇਸ ਦਾ ਨਿਪਟਾਰਾ ਸਬੰਧਤ ਵਿਧਾਇਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਕੇ ਤੁਰੰਤ ਕਰਵਾਇਆ ਜਾਵੇ। ਇਸ ਮੌਕੇ ਵਿਧਾਇਕਾਂ ਵਿੱਚ ਰਮਨ ਅਰੋੜਾ, ਸੀਤਲ ਅੰਗੁਰਾਲ, ਇੰਦਰਜੀਤ ਕੌਰ ਮਾਨ ਤੋਂ ਇਲਾਵਾ ਪੀ.ਐਮ.ਆਈ.ਡੀ.ਸੀ. ਦੀ ਸੀ.ਈ.ਓ. ਦੀਪਤੀ ਉੱਪਲ, ਮਿਉਂਸੀਪਲ ਕੌਂਸਲ ਅਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫਸਰ, ਆਮ ਆਦਮੀ ਪਾਰਟੀ ਦੇ ਆਗੂ ਅਤੇ ਹਲਕਾ ਇੰਚਾਰਜ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਪ ਸ ਸ ਫ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਜੀ ਟੀ ਯੂ ਦੀ ਹੋਈ ਸਾਂਝੀ ਮੀਟਿੰਗ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਬਲਾਕ ਮਾਹਿਲਪੁਰ,

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਗੌਰਮਿੰਟ ਟੀਚਰ ਯੂਨੀਅਨ ਦੀ ਇਕ ਅਹਿਮ ਮੀਟਿੰਗ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਬਲਜੀਤ ਸਿੰਘ ਅਤੇ ਸੁਰਜੀਤ ਸਿੰਘ ਦੀ ਸਰਪ੍ਰਸਤੀ ਹੇਠ ਮਾਹਿਲਪੁਰ ਵਿਖੇ ਹੋਈ। ਮੀਟਿੰਗ ਵਿੱਚ ਅਧਿਆਪਕ ਵਰਗ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਆਗੂਆਂ ਕਿਹਾ ਕਿ ਜਦੋਂ ਦੀ ਆਪ ਸਰਕਾਰ ਵਲੋਂ ਸੱਤਾ ਸੰਭਾਲੀ ਹੈ, ਉਦੋਂ ਤੋਂ ਹੀ ਮੁਲਾਜਮ-ਪੈਨਸ਼ਨਰ ਵਰਗ ਆਪਣੀਆਂ ਮੰਗਾ

21-Jan-Sunday.qxd 1/20/2024 10:46 PM Page 1

ਡਾਕਟਰ ਨਿਰੰਜਨ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 21 ਜਨਵਰੀ 2024

www.nawanzamana.in

ਕੀਮਤ 5.00 ਰੁਪਏ

ਏਕ ਆਂਸੂ ਭੀ
ਹਕੂਮਤ ਕੇ ਲਿਏ ਖ਼ਤਰਾ ਹੈ
ਤੁਮ ਨੇ ਦੇਖਾ ਨਹੀਂ
ਆਖੋਂ ਕਾ ਸਮੰਦਰ ਹੋਨਾ।

-ਮੁਨੱਵਰ ਰਾਣਾ

ਲੈਨਿਨ ਨਾਲ ਮੇਰੀਆਂ ਯਾਦ-ਛੋਹਾਂ

ਲੰਘੀ ਸਦੀ ਉੱਤੇ ਜਿਹੜੇ ਸਿਆਸੀ ਆਗੂ ਛਾਏ ਰਹੇ, ਉਨ੍ਹਾਂ ਵਿੱਚੋਂ ਦੋ ਨਾਂਅ ਸਹਿਜੇ ਹੀ ਸਭ ਤੋਂ ਸਿਰਕੱਢ ਮੰਨੇ ਜਾ ਸਕਦੇ ਹਨ : ਇਕ ਗਾਂਧੀ ਦਾ ਅਤੇ ਦੂਜਾ ਲੈਨਿਨ ਦਾ। ਸਿਰਫ਼ ਇਸ ਲਈ ਨਹੀਂ ਕਿ ਇਹਨਾਂ ਦੋਹਾਂ ਸਿਆਸਤਦਾਨ ਚਿੰਤਕਾਂ ਦਾ ਆਪੋ-ਆਪਣੇ ਦੇਸ਼ ਦੀ ਹੋਣੀ ਬਦਲਣ ਵਿਚ ਸਭ ਤੋਂ ਅਹਿਮ ਯੋਗਦਾਨ ਰਿਹਾ, ਸਗੋਂ ਇਸ ਲਈ ਵੀ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਅਗਵਾਈ ਦੀ ਛਾਪ ਉਨ੍ਹਾਂ ਦੇ ਜੀਵਨ ਕਾਲ ਤੋਂ ਕਿਤੇ ਲਮੇਰੀ, ਉਨ੍ਹਾਂ ਦੇ ਵਤਨਾਂ ਦੀਆਂ ਭੂਗੋਲਿਕ ਹੱਦਾਂ ਤੋਂ ਕਿਤੇ ਵਡੇਰੀ ਹੈ। ਤੁਸੀਂ ਪੂਰਬ ਦੇ ਵਾਸੀ ਹੋਵੋ ਜਾਂ ਪੱਛਮ ਦੇ, ਤੁਹਾਡੀ ਵਿਚਾਰਧਾਰਾ ਖੱਬੀ ਹੋਵੇ ਜਾਂ ਸੱਜੀ, ਕੋਈ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਇਹਨਾਂ ਦੋ ਮਹਾਂ-ਮਨੁੱਖਾਂ ਦੀ ਦੇਣ ਨੂੰ ਛੁਟਿਆ ਜਾਂ ਘਟਾ ਕੇ ਦੇਖਿਆ ਜਾ ਸਕਦਾ ਹੈ। ਗਾਂਧੀ ਜੀ ਤੋਂ ਉਲਟ ਲੈਨਿਨ ਨੂੰ ਬਹੁਤ ਘੱਟ ਵਕੂਸ ਨਸੀਬ ਹੋਈ। ਅਪ੍ਰੈਲ 1870 ਵਿਚ ਜਨਮਿਆ ਵਲਾਦੀਮੀਰ ਇਲੀਚ ਲੈਨਿਨ 54 ਤੋਂ ਵੀ ਘੱਟ ਸਾਲਾਂ ਦੀ ਉਮਰ ਭੋਗ ਕੇ 21 ਜਨਵਰੀ 1924 ਨੂੰ ਪੂਰਾ ਹੋ ਗਿਆ, ਜਦੋਂ ਉਸ ਨੇ ਆਪਣੀ ਉਮਰ ਦੇ 54 ਵਕੂਤ ਵੀ ਪੂਰੇ ਨਹੀਂ ਸਨ ਕੀਤੇ। **—ਸੰਪਾਦਕ**

ਗੁਰਬਖ਼ਸ਼ ਸਿੰਘ

ਅਕਤੂਬਰ 1917 ਸੋਸ਼ਲਿਸਟ ਇਨਕਲਾਬ ਦੀ ਫ਼ਤਹਿ ਦੇ ਤੁਰਤ ਬਾਅਦ, ਜਿਸ ਸਮੇਂ ਲੈਨਿਨ ਨੇ ਆਪਣੀ ਸਰਕਾਰ ਵੱਲੋਂ ਪਹਿਲੀ ਵੱਡੀ ਸੰਸਾਰ-ਲੜਾਈ ਵਿਚੋਂ ਰੂਸੀ ਫ਼ੌਜਾਂ ਨੂੰ ਕੱਢ ਕੇ ਖ਼ੂਨੀ ਘਮਸਾਨ ਵਿਚ ਲਥ-ਪਥ ਹੋਈਆਂ ਸਭ ਸਾਮਾਰਾਜੀ ਸਰਕਾਰਾਂ ਨੂੰ ਅਮਨ-ਅਪੀਲ ਕੀਤੀ ਤੇ ਜਿਸ ਕਿਸੇ ਮੰਨਿਆ, ਉਹਦੇ ਨਾਲ ਅਮਨ-ਅਹਿਦ ਕੀਤਾ, ਐਨ ਓਸੇ ਸਮੇਂ ਮੈਂ ਬਰਤਾਨੀਆ ਰਾਇਲ ਇੰਜੀਨੀਅਰਾਂ ਨਾਲ ਸ਼ਾਮਲ ਹੋ ਕੇ ਇਰਾਕ-ਈਰਾਨ ਮੁਹਾਜ਼ ਉਤੇ ਜਰਮਨ ਕੈਸਰ ਦੀਆਂ ਫ਼ੌਜਾਂ ਨਾਲ ਲੜਨ ਲਈ ਜਾ ਰਿਹਾ ਸਾਂ। ਓਥੇ ਆਪਣੇ ਸਾਥੀ ਇੰਜੀਨੀਅਰਾਂ ਨੂੰ ਆਪਣੇ ਜੰਗੀ-ਭਿਆਲਾਂ ਨਾਲ ਰੂਸ ਦੀ ਬੇਵਫ਼ਾਈ ਦਾ ਸਾਰਾ ਕਲੰਕ ਲੈਨਿਨ ਦੇ ਮੱਥੇ ਲਾਉਂਦਿਆਂ ਸੁਣਿਆ।

ਇਹ ਸੀ ਮਹਾਨ ਲੈਨਿਨ ਨਾਲ ਮੇਰੀ ਪਹਿਲੀ ਯਾਦ-ਛੋਹ। ਸਵਰਾਜ ਓਦੋਂ ਭਾਵੇਂ ਹਰ ਨਰੋਏ-ਦਿਲ ਹਿੰਦੁਸਤਾਨੀ ਦੀ ਧੜਕਣ ਹੈ ਸੀ, ਪਰ ਰੂਸੀ ਇਨਕਲਾਬ ਦੇ ਆਪਣੇ ਆਜ਼ਾਦੀ-ਸੰਗਰਾਮ ਨਾਲ ਡੂੰਘੇ ਸੰਭਵ ਸੰਬੰਧ ਦੀ ਟੋਹ ਕਿਸੇ ਵਿਰਲੇ ਨੂੰ ਹੀ ਹੋਵੇਗੀ। ਏਸ ਲਈ ਲੈਨਿਨ ਦੀ ਨਿੰਦਿਆ ਸੁਣ ਉਸ ਵੇਲੇ ਮੇਰੇ ਉਤੇ ਕੋਈ ਖ਼ਾਸ ਅਸਰ ਨਾ ਹੋਇਆ। (ਹੁਣ ਸ਼ਰਮਾਉਂਦਾ ਹਾਂ ਕਿ ਕਿਉਂ ਨਾ ਹੋਇਆ।)

ਲੜਾਈ ਮੁੱਕਣ ਦੇ ਇਕ ਸਾਲ ਬਾਅਦ ਮੈਂ ਦੇਸ ਮੁੜਿਆ। ਆਉਂਦਿਆਂ ਹੀ ਅਪ੍ਰੈਲ 1919 ਨੂੰ ਮੇਰੇ ਸੁਪਨਿਆਂ ਦੇ ਸ਼ਹਿਰ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿਚ ਵਿਸਾਖੀ ਦੇ ਤਿਉਹਾਰ ਉਤੇ, ਇਕ ਬੇ-ਦਿਲ ਜਰਨੈਲ ਡਾਇਰ ਨੇ, ਅਭੋਲ ਇਕੱਠੇ ਹੋਏ ਹਜ਼ਾਰਾਂ ਹਮ-ਸ਼ਹਿਰੀਆਂ ਉਤੇ ਗੋਲੀਆਂ ਵਰ੍ਹਾ ਕੇ ਸੈਂਕੜੇ ਭੁੰਨ ਕੇ, ਤੇ ਹਜ਼ਾਰਾਂ ਫੱਟੜ ਕਰ ਦਿੱਤੇ। ਉਸ ਵੇਲੇ ਜਿਹੜੇ ਦੋ ਵੱਡੇ ਆਦਮੀਆਂ ਦਾ ਏਸ ਦੁਰਘਟਨਾ ਉਤੇ ਡੂੰਘਾ ਰੋਸ-ਪ੍ਰਗਟਾਅ ਦਾ ਮੇਰੇ ਉਤੇ ਗੰਭੀਰ ਪ੍ਰਭਾਵ ਪਿਆ, ਉਹ ਸਨ ਟੈਗੋਰ ਤੇ ਲੈਨਿਨ।

ਟੈਗੋਰ ਨੇ ਬਰਤਾਨੀਆ ਦਾ ਖ਼ਿਤਾਬ ਮੋੜਦਿਆਂ ਜਿਹੜੀ ਚਿੱਠੀ ਵਾਇਸਰਾਏ ਨੂੰ ਲਿਖੀ, ਉਹਦਾ ਇਕ-ਇਕ ਲਫ਼ਜ਼ ਦੋਸ਼ੀ ਜ਼ਮੀਰ ਉਤੇ ਦਸ-ਦਸ ਲਾਸਾਂ ਪਾਉਂਦਾ ਸੀ।

ਤੇ ਲੈਨਿਨ ਨੇ ਏਸ ਘਟਨਾ ਤੋਂ ਇਕ-ਦੋ ਮਹੀਨੇ ਪਹਿਲਾਂ ਹੀ ਪੇਸ਼ੀਨਗੋਈ ਕਰਦਿਆਂ ਆਖਿਆ ਸੀ : "ਸਮਾਂ ਆ ਰਿਹਾ ਹੈ ਕਿ ਏਸ਼ੀਆ ਦੇ ਲੋਕ ਸਾਰੀ ਦੁਨੀਆ ਦੀਆਂ ਤਕਦੀਰਾਂ ਦਾ ਫ਼ੈਸਲਾ ਕਰਨ ਵਿਚ ਭਾਗ ਲੈਣਗੇ।" ਤੇ ਜਲ੍ਹਿਆਂ ਵਾਲੇ ਬਾਗ਼ ਵਿਚ ਵਰਤੇ ਕਹਿਰ ਬਾਰੇ ਸਖ਼ਤ ਲਫ਼ਜ਼ਾਂ ਵਿਚ ਫਿਟਕਾਰਦਿਆਂ ਉਨ੍ਹਾਂ ਨੇ ਲਿਖਿਆ ਸੀ :

"ਬਰਤਾਨਵੀ ਭਾਰਤ ਏਸ਼ੀਆਈ ਮੁਲਕਾਂ ਦਾ ਮੋਹਰੀ ਹੈ। ਇਨਕਲਾਬੀ ਸੰਗਰਾਮ ਇਹਦੇ ਵਿਚ ਤਾਕਤ ਫੜਦਾ ਜਾ ਰਿਹਾ ਹੈ, ਜਿਉਂ-ਜਿਉਂ ਇਹਦੇ ਕਾਰਖ਼ਾਨਿਆਂ ਤੇ ਇਹਦੀ ਰੇਲਵੇ ਦੇ ਕਿਰਤੀ ਸ਼ਕਤੀਵਾਨ ਹੁੰਦੇ ਜਾਂਦੇ ਹਨ। ਇਕ ਪਾਸੇ ਇਨ੍ਹਾਂ ਕਿਰਤੀਆਂ ਦਾ ਬਲ ਵਧ ਰਿਹਾ ਹੈ, ਦੂਜੇ ਪਾਸੇ ਬ੍ਰਿਟੇਨ ਦੇ ਜ਼ੁਲਮ ਹੈਰਤਨਾਕ ਹੁੰਦੇ ਜਾ ਰਹੇ ਹਨ-ਸਰੇ-ਬਾਜ਼ਾਰ ਲੋਕਾਂ ਨੂੰ ਬੈਂਤ ਮਾਰਨੇ ਤੇ ਅੰਮ੍ਰਿਤਸਰ ਵਿਚ ਥੋਕ ਕਤਲੇ-ਆਮ ਕਰਨੀ।"

ਏਸ ਤੋਂ ਦੋ ਵਰ੍ਹੇ ਪਹਿਲਾਂ, ਲੈਨਿਨ ਨੇ ਪਹਿਲੀ ਸਰਬ-ਰੂਸੀ ਕਾਂਗਰਸ ਵਿਚ ਜ਼ੋਰਦਾਰ ਤਕਰੀਰ ਕਰਦਿਆਂ ਆਖਿਆ ਸੀ :

"ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਨਿਕਲ ਜਾਣਾ ਚਾਹੀਦਾ ਹੈ।" ਇਸ ਤੋਂ ਪੂਰੇ ਪੰਝੀ ਸਾਲ ਬਾਅਦ ਗਾਂਧੀ ਜੀ ਨੇ 1942 ਵਿਚ 'ਹਿੰਦੁਸਤਾਨ ਛੱਡੋ' ਅੰਦੋਲਨ ਚਲਾਇਆ ਸੀ।

ਅਮਰੀਕਾ ਤੇ ਫ਼ਰਾਂਸ ਨੂੰ ਮੈਂ ਲੋਕ-ਆਜ਼ਾਦੀ ਦੇ ਰਹਿਨੁਮਾ ਸਮਝ ਕੇ ਸਤਿਕਾਰਿਆ ਕਰਦਾ ਸਾਂ, ਪਰ ਜਲ੍ਹਿਆਂ ਵਾਲੇ ਬਾਗ਼ ਵਿਚ ਕੀਤੀ ਕਤਲੇ-ਆਮ ਉਤੇ ਉਨ੍ਹਾਂ ਬ੍ਰਿਟੇਨ ਨਾਲ ਲੈਨਿਨ ਵਰਗਾ ਰੋਸ ਨਾ ਕੀਤਾ। ਜਵਾਹਰ ਲਾਲ ਨੇ ਲੈਨਿਨ ਨੂੰ ਆਪਣੇ ਸਮੇਂ ਦਾ ਸਭ ਤੋਂ 'ਮਹਾਨ ਪੁਰਖ' ਆਖਿਆ।

ਸਤੰਬਰ 1919 ਨੂੰ ਇੰਜੀਨੀਅਰਿੰਗ ਦੀ ਉਚੇਰੀ ਵਿਦਿਆ ਪ੍ਰਾਪਤੀ ਲਈ ਮੈਂ ਅਮਰੀਕਾ ਚਲਾ ਗਿਆ। ਓਥੇ ਉਸ ਸਮੇਂ ਰੂਸ ਤੇ ਲੈਨਿਨ ਦੇ ਖ਼ਿਲਾਫ਼ ਇਕ ਘੁਸਰ-ਮੁਸਰ ਸਾਜ਼ਿਸ਼ ਜਿਹੀ ਮੈਂ ਮਹਿਸੂਸ ਕੀਤੀ। ਲਿਖਣ, ਬੋਲਣ ਤੇ ਮਿਲਣ ਦੀ ਅਖੌਤੀ ਆਜ਼ਾਦੀ ਦੇ ਬਾਵਜੂਦ ਇਕ ਵਾਰੀ ਤਾਰਕਨਾਥ ਦਾਸ, ਪ੍ਰਸਿੱਧ ਹਿੰਦੁਸਤਾਨੀ ਇਨਕਲਾਬੀ, ਸਾਨੂੰ ਯੂਨੀਵਰਸਿਟੀ ਵਿਚ ਮਿਲਣ ਆਏ। ਉਨ੍ਹਾਂ ਲੈਨਿਨ ਤੇ ਰੂਸੀ ਇਨਕਲਾਬ ਸੰਬੰਧੀ ਸਾਨੂੰ ਚਾਨਣ ਦਿੱਤਾ। ਇਕ ਮੇਰੀ ਬੰਗਾਲੀ ਜਮਾਤਣ ਤੇ ਮੇਰੇ ਉਤੇ ਡੂੰਘਾ ਪ੍ਰਭਾਵ ਪਾਇਆ। ਮੇਰੀ ਜਮਾਤਣ ਅਮਰੀਕਨ ਵਜ਼ੀਫ਼ੇ ਉਤੇ ਪੜ੍ਹ ਰਹੀ ਸੀ। ਉਹਦਾ ਵਜ਼ੀਫ਼ਾ ਬੰਦ ਕਰ ਦਿੱਤਾ ਗਿਆ। ਉਹਨੂੰ ਪੜ੍ਹਾਈ ਛੱਡਣੀ ਪਈ। ਮੈਂ ਲਾਇਬ੍ਰੇਰੀ ਵਿਚੋਂ ਲੈਨਿਨ ਬਾਰੇ ਸਾਹਿਤ ਢੂੰਡਦਾ ਰਿਹਾ, ਪਰ ਓਦੋਂ ਬਹੁਤ ਕੁਝ ਮਿਲਿਆ ਨਾ। ਮੈਂ ਧਾਰ ਲਿਆ ਕਿ ਦੇਸ-ਵਾਪਸੀ ਉਤੇ ਮੈਂ ਸਾਰਾ ਯੂਰਪ ਫਿਰਾਂਗਾ ਤੇ ਲੈਨਿਨ ਦੇ ਦਰਸ਼ਨਾਂ ਲਈ ਮਾਸਕੋ ਜਾਵਾਂਗਾ।

ਪਰ 21 ਜਨਵਰੀ 1924 ਨੂੰ ਨਿਊਯਾਰਕ ਤੋਂ ਲੰਡਨ ਜਾਂਦਿਆਂ, ਜਹਾਜ਼ ਵਿਚ ਮੈਂ ਰੇਡੀਓ ਉਤੇ ਲੈਨਿਨ ਦੀ ਮੌਤ ਸੁਣ ਲਈ। ਮੇਰੇ ਹਮਸਫ਼ਰ ਬਹੁਤੇ ਅੰਗਰੇਜ਼ ਤੇ ਅਮਰੀਕਨ ਸਨ। ਜਿੱਥੇ ਆਪਣੇ ਸੁਪਨੇ ਦੀ ਇਕ ਤਾਰ ਟੁੱਟ ਜਾਣ ਦਾ ਦੁੱਖ ਮੈਨੂੰ ਹੋਇਆ, ਓਥੇ ਓਦੂੰ ਵੀ ਵਡੇਰਾ ਦੁੱਖ ਮੈਨੂੰ ਇਹ ਜਾਪਿਆ ਕਿ ਅਜੋਕੇ ਇਤਿਹਾਸ ਦੇ ਬੇਮਿਸਾਲ ਮਹਾਂਪੁਰਖ ਦੀ ਮੌਤ ਉਤੇ ਦੁਖੀ ਹੋਣ ਦੀ ਥਾਂ ਕਈ ਮੂੰਹਾਂ ਉਤੇ ਕੋਈ ਗੁੱਝੀ ਜਿਹੀ ਤਸੱਲੀ ਮੈਂ ਵੇਖ ਰਿਹਾ ਸਾਂ।

ਜਿਸ ਖਿੱਚ ਨਾਲ ਖਿੱਚਿਆ ਮੈਂ ਰੂਸ ਜਾਣਾ ਚਾਹੁੰਦਾ ਸਾਂ, ਉਹ ਖਿੱਚ ਇਕਦਮ ਟੁੱਟ ਗਈ। ਨਾਲੇ ਮੈਨੂੰ ਪਤਾ ਲੱਗਾ ਕਿ ਉਹ ਦਿਨ ਰੂਸ ਲਈ ਔਖੇ ਗੁਜ਼ਰ ਰਹੇ ਸਨ। ਏਸ ਲਈ ਮੈਂ ਵੀਆਨਾ ਤੋਂ ਹੀ ਵਾਪਸ ਆ ਗਿਆ।

ਦੂਜੀ ਵੱਡੀ ਲੜਾਈ ਸਮੇਂ ਮੇਰੀ ਆਤਮਾ ਕਦੇ ਲੈਨਿਨਗ੍ਰਾਦ ਤੇ ਕਦੇ ਸਤਾਲਿਨਗ੍ਰਾਦ ਤੇ ਕਦੇ ਮਾਸਕੋ ਦੇ ਘੇਰਿਆਂ ਵਿਚ ਘੁੰਮਦੀ ਰਹੀ। ਇਹ ਹਕੀਕਤ ਹੁਣ ਮੈਨੂੰ ਸਮਝ ਆ ਚੁੱਕੀ ਸੀ ਕਿ ਲੋਕ-ਆਜ਼ਾਦੀ ਦੀ ਫ਼ਤਹਿ ਦਾ ਪਹਿਲਾ ਵੱਡਾ ਮੋਰਚਾ ਰੂਸੀ ਇਨਕਲਾਬ ਹੀ ਮੰਨਿਆ ਜਾਵੇਗਾ। ਏਸ ਇਨਕਲਾਬ ਦੇ ਬਾਅਦ ਸਾਡੀਆਂ ਇਨਕਲਾਬੀ ਤਾਕਤਾਂ ਦਿਨੋ-ਦਿਨ ਜੋਬਨ ਵਿਚ ਆ ਰਹੀਆਂ ਸਨ, ਆਪਣੀ ਮੰਜ਼ਲ ਸਾਨੂੰ ਦਿਸਣ ਲੱਗ ਪਈ ਸੀ। ਗਾਂਧੀ ਜੀ ਲੈਨਿਨ ਨੂੰ ਇਕ 'ਅਦਭੁਤ-ਰੂਹ ਇਨਸਾਨ' ਆਖ ਰਹੇ ਸਨ।

2 ਮਈ, 1945 ਨੂੰ ਜਦ ਰੂਸੀ ਫ਼ੌਜਾਂ ਨੇ ਬਰਲਿਨ ਵਿਚ ਪਾਰਲੀਮੈਂਟ-ਘਰ ਉਤੇ ਲਾਲ ਝੰਡਾ ਗੱਡ ਦਿੱਤਾ, ਤਾਂ ਇਹ ਫ਼ਤਹਿ ਮੈਨੂੰ ਦੁਨੀਆ ਤੇ ਆਜ਼ਾਦੀ ਲਈ ਜੂਝ ਰਹੇ ਸਾਰੇ ਲੋਕਾਂ ਦੀ ਫ਼ਤਹਿ ਅਨੁਭਵ ਹੋਈ। ਇਕ ਤੜਪ ਮੇਰੇ ਅੰਦਰੋਂ ਉੱਠੀ : "ਸੂਰਮਿਆਂ ਦੀ ਇਸ ਕੌਮ ਨੂੰ ਵੇਖਾਂ-ਉਨ੍ਹਾਂ ਦੇ ਅਦੁੱਤੀ ਨੇਤਾ ਦੇ ਦਰਸ਼ਨ ਕਰਾਂ-ਸੁਣਦਾ ਹਾਂ, ਉਹਦੇ ਸ਼ਰਧਾਲੂ ਲੋਕਾਂ ਨੇ ਉਹਦਾ ਪਿਆਰਾ ਸਰੀਰ ਓਸੇ ਤਰ੍ਹਾਂ ਸਾਂਭ-ਸੁਆਰ ਕੇ ਰੱਖਿਆ ਹੋਇਆ ਹੈ।"

1952 ਵਿਚ ਵੀਆਨਾ ਅਮਨ-ਕਾਨਫ਼ਰੰਸ ਹੋ ਰਹੀ ਸੀ। ਭਾਰਤੀ ਡੈਲੀਗੇਸ਼ਨ ਵਿਚ ਸ਼ਾਮਲ ਹੋਣ ਦਾ ਮਾਣ ਤੇ ਵੀਆਨਾ ਤੋਂ ਮਾਸਕੋ ਜਾਣ ਦਾ ਮਨ- ਲੋਚਿਆ ਅਵਸਰ, ਮੈਨੂੰ ਮਿਲ ਗਏ। ਮਾਸਕੋ ਵਿਚ ਮੇਰੀ ਪਹਿਲੀ ਤਾਂਘ ਲੈਨਿਨ ਦੇ ਦਰਸ਼ਨ ਕਰਨੇ ਸਨ। ਅਸੀਂ ਲਾਲ ਚੌਕ ਵਿਚ ਗਏ। ਜਿਹੜਾ ਹਾਰ ਅਸਾਂ ਸਤਿਕਾਰ-ਭੇਟ ਲਈ ਆਂਦਾ ਸੀ, ਉਹਦੇ ਨਾਲ ਆਪਣੇ ਡੈਲੀਗੇਸ਼ਨ ਵੱਲੋਂ ਸ਼ਰਧਾਂਜਲੀ ਸੁਨੇਹਾ ਲਿਖਣ ਦੀ ਆਗਿਆ ਮੈਨੂੰ ਮਿਲੀ। ਜੋ ਆਪ ਮੈਨੂੰ ਉਸ ਵੇਲੇ ਸੁੱਝਿਆ, ਉਹ ਤਾਂ ਮੈਨੂੰ ਯਾਦ ਨਹੀਂ, ਪਰ ਇਕ ਸਤਰ ਮੈਂ ਮੈਕਸਿਮ ਗੋਰਕੀ ਦੀਆਂ ਯਾਦਾਂ ਵਿਚੋਂ ਪੜ੍ਹ ਕੇ ਕੰਠ ਕੀਤੀ ਹੋਈ ਉਹਦੇ ਵਿਚ ਲਿਖ ਦਿੱਤੀ :

"ਉਹ ਮਨੁੱਖ ਜਿਸਨੇ ਦੁਨੀਆ ਦੀਆਂ ਸਭੋ ਖ਼ੁਸ਼ੀਆਂ ਤਿਆਗ ਦਿੱਤੀਆਂ ਸਨ, ਤਾਂ ਕਿ ਉਹ ਆਪਣਾ ਸਾਰਾ ਸਮਾਂ ਮਨੁੱਖਾਂ ਦੀ ਖ਼ੁਸ਼ੀ ਲਈ ਮਿਹਨਤ ਕਰ ਸਕੇ।"

ਜਿਸ ਹੋਟਲ, ਸੋਵੀਅਤਸਕਾਇਆ ਵਿਚ ਅਸੀਂ ਰੱਖੇ ਗਏ ਸਾਂ, ਉਹਦੇ ਇਕ ਰਸੋਈਏ ਨਾਲ ਸਾਨੂੰ ਮਿਲਾਇਆ ਗਿਆ। ਨਰੋਈ ਕੋਮਲ ਸੂਰਤ ਵਾਲਾ ਬਜ਼ੁਰਗ ਸੀ ਇਹ ਇਨਸਾਨ। ਉਹਦੇ ਸਨਮੁਖ ਅਸੀਂ ਓਸੇ ਅਦਬ ਨਾਲ ਬੈਠੇ ਮਹਿਸੂਸ ਕਰ ਰਹੇ ਸਾਂ, ਜਿਵੇਂ ਅਸੀਂ ਲੈਨਿਨ ਦੀ ਹਾਜ਼ਰੀ ਵਿਚ ਕਰਦੇ। ਅਦਬ ਭਰੀ ਸਾਡੀ ਉਤਸੁਕਤਾ ਨੂੰ ਵੇਖ ਉਹਦੀਆਂ ਅੱਖਾਂ ਭਰ ਆਈਆਂ ਤੇ ਰੁਮਾਲ ਵਿਚ ਆਪਣੇ ਅੱਥਰੂ ਸੰਭਾਲ ਕੇ ਉਸ ਨੇ ਹਉਕੇ ਭਰੀ ਜ਼ਬਾਨ ਵਿਚ ਆਖਿਆ :

"ਇਲੀਅਚ ਬੜਾ ਹੀ ਪਿਆਰਾ ਇਨਸਾਨ ਸੀ-ਪਰ ਮੇਰੀ ਹਸਰਤ ਹਮੇਸ਼ਾ ਇਹੀ ਰਹੀ ਕਿ ਉਹ ਬੜਾ ਹੀ ਘੱਟ ਖਾਂਦਾ ਸੀ। ਬੜੀ ਰੀਝ ਨਾਲ ਮੈਂ ਉਹਦੇ ਲਈ ਖਾਣਾ ਪਕਾਉਂਦਾ ਸਾਂ, ਪਰ ਖੁਆਉਣਾ ਕਿਸੇ ਹੋਰ ਨੂੰ ਹੀ ਪੈਂਦਾ ਸੀ-1919 ਸਾਡਾ ਭੁੱਖਾ ਵਰ੍ਹਾ ਸੀ-ਕਈ ਪਿੰਡਾਂ, ਸ਼ਹਿਰਾਂ ਤੋਂ ਉਹਦੇ ਆਸ਼ਕ ਉਹਨੂੰ ਖ਼ੁਰਾਕ ਦੇ ਪਾਰਸਲ ਭੇਜਦੇ ਸਨ-ਤਰ੍ਹਾਂ-ਤਰ੍ਹਾਂ ਦੇ ਪਕਵਾਨ, ਪਰ ਇਲੀਅਚ ਹਉਕਾ ਭਰ ਕੇ ਆਖਿਆ ਕਰਦਾ-ਵੰਡ ਦੇਹ ਆਲੇ-ਦੁਆਲੇ-ਪਿਆਰੇ ਲੋਕ ਏਡੀ ਚੰਗੀ ਖ਼ੁਰਾਕ ਮੈਨੂੰ ਭੇਜਦੇ ਹਨ, ਮੈਨੂੰ ਆਪਣਾ ਭਗਵਾਨ ਸਮਝ ਕੇ-ਪਰ ਆਪਣੇ ਆਲੇ-ਦੁਆਲੇ ਏਨੀ ਭੁੱਖ ਵੇਖਦਿਆਂ ਮੈਂ ਕੀਕਰ ਕੁਝ ਖਾ ਸਕਦਾ ਹਾਂ। ਜੇ ਇਹ ਪਿਆਰ-ਭੇਟਾ ਮੈਂ ਪਰਵਾਨ ਨਾ ਕਰਾਂ, ਤਾਂ ਉਨ੍ਹਾਂ ਦਾ ਦਿਲ ਦੁਖੇਗਾ..।"

1958 ਵਿਚ ਮੈਨੂੰ ਫਿਰ ਮਾਸਕੋ ਜਾਣ ਦਾ ਸੁਭਾਗ ਮਿਲਿਆ। ਐਤਕੀਂ ਕਿਸੇ ਡੈਲੀਗੇਸ਼ਨ ਨਾਲ ਨਾ ਹੋਣ ਕਰਕੇ ਇਕੱਲਿਆਂ ਮੈਂ ਬੜਾ ਕੁਝ ਵੇਖ ਸਕਿਆ। ਲੈਨਿਨ ਦੇ ਅਜਾਇਬਘਰ ਵਿਚ ਲੈਨਿਨ ਦਾ ਸਾਰਾ ਜੀਵਨ ਲਿਖਿਆ, ਉੱਕਰਿਆ, ਚਿਤਰਿਆ ਤੇ ਇਤਿਹਾਸਿਆ ਹੋਇਆ ਵੇਖ ਮੇਰੇ ਆਤਮਕ ਸਾਗਰ ਵਿਚ ਕੋਈ ਜਵਾਰ ਕੰਢਿਆਂ ਤੋਂ ਉੱਛਲ ਗਈ। ਮੈਂ ਇਕ ਪ੍ਰਵੀਨ ਕਲਾਕਾਰ ਨੂੰ ਆਪਣੇ ਤਨ-ਮਨ ਦੇ ਚੱਕ ਉਤੇ ਲੋਕਾਂ, ਕੌਮਾਂ ਤੇ ਮੁਲਕਾਂ ਦੀਆਂ ਤਸਵੀਰਾਂ ਢਾਲਦਿਆਂ ਵੇਖ ਰਿਹਾ ਸਾਂ।

ਫੇਰ ਮੈਂ ਮਾਸਕੋਂ ਤੋਂ ਕੋਈ ਚਾਲੀ ਕਿਲੋਮੀਟਰ ਦੂਰ ਗੋਰਕੀ ਪਿੰਡ ਵਿਚ ਗਿਆ, ਜਿਥੇ ਲੈਨਿਨ ਨੇ ਆਪਣੀ ਪਲ-ਪਲ ਕੀਮਤੀ ਉਮਰ ਦਾ ਅਖ਼ੀਰਲਾ ਸਮਾਂ ਗੁਜ਼ਾਰਿਆ ਸੀ।

ਕਰੈਮਲਿਨ ਮਹਿਲ ਦੇ ਇਕ ਛੋਟੇ ਜਿੰਨੇ ਕਮਰੇ ਵਿਚ ਲੈਨਿਨ ਓਸੇ ਸਾਦਗੀ ਨਾਲ ਰਿਹਾ ਕਰਦਾ ਸੀ, ਜਿਸ ਨਾਲ ਉਹ ਆਪਣੀ ਜਲਾਵਤਨੀ ਵਿਚ ਰਹਿੰਦਾ ਸੀ। ਏਸ ਰਿਸ਼ੀਆਨਾ ਸਾਦਗੀ ਵਿਚੋਂ ਉਸ ਨੇ ਦੁਨੀਆ ਦੇ ਪਹਿਲੇ ਸੋਸ਼ਲਿਸਟ ਨਿਜ਼ਾਮ ਦੀ ਮਹਾਨ ਵਿਉਂਤ ਦੇ ਨਕਸ਼ ਉਲੀਕੇ। ਪਰ ਕਿਸੇ ਸਾਮਰਾਜੀ ਏਜੰਟ ਨੇ ਇਕ ਦਿਨ ਉਹਦੀ ਛਾਤੀ ਵਿਚ ਦੋ ਗੋਲੀਆਂ ਦਾਗ ਦਿੱਤੀਆਂ। ਇਕ ਗੋਲੀ ਅਖ਼ੀਰ ਦਮ ਤੱਕ ਛਾਤੀ ਵਿਚ ਟਿਕੀ ਰਹੀ, ਪਰ ਲੈਨਿਨ ਦੇ ਫ਼ੌਲਾਦੀ ਇਰਾਦੇ ਨੇ ਉਹਨੂੰ ਏਸ ਗੋਲੀ ਦੇ ਬਾਵਜੂਦ ਜ਼ਿੰਦਗੀ ਦੀ ਕਾਠੀ ਉਤੇ ਸਾਵਧਾਨ ਰੱਖਿਆ। ਦੋ ਮਹੀਨੇ ਦੇ ਬਾਅਦ ਹੀ ਉਹ ਕਾਮਿਆਂ ਦੀ ਇਕ ਮੀਟਿੰਗ ਵਿਚ ਧੜੱਲੇਦਾਰ ਲੈਕਚਰ ਦੇ ਰਹੇ ਸਨ ਤੇ ਡਾਕਟਰਾਂ ਦੀਆ ਕਰੜੀਆਂ ਹਦਾਇਤਾਂ ਦੇ ਉਲਟ ਉਹ ਆਪਣੇ ਲੋਕਾਂ ਵਿਚ ਅਨਪੜ੍ਹਤਾ ਹਟਾਉਣ, ਪਿੰਡ-ਪਿੰਡ ਬਿਜਲੀ ਰੁਸ਼ਨਾਉਣ ਤੇ ਕਲੱਬਾਂ, ਥੀਏਟਰਾਂ ਕਾਇਮ ਕਰਕੇ ਜਨ-ਸਾਧਾਰਨ ਦੇ ਰੁੱਖੇ ਜੀਵਨ ਵਿਚ ਕਲਾ ਦੀ ਕੋਮਲਤਾ ਲਿਆਉਣ ਦੀਆਂ ਯੋਜਨਾਵਾਂ ਮੁਕੰਮਲ ਕਰਨ ਲਈ ਅਠਾਰਾਂ-ਅਠਾਰਾਂ ਘੰਟੇ ਕੰਮ ਕਰਦੇ ਰਹੇ। ਓੜਕ ਉਨ੍ਹਾ ਦਾ ਗੋਲੀ-ਨਿਸ਼ਾਨਿਆ ਸਰੀਰ ਹੰਭ ਗਿਆ ਤੇ ਉਨ੍ਹਾਂ ਨੂੰ ਕ੍ਰੈਮਲਿਨ ਵਿਚੋਂ ਕੱਢ ਕੇ ਗੋਰਕੀ ਆਰਾਮ ਕਰ

21-Jan-Sunday.qxd 1/20/2024 10:48 PM Page 5

ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਤਾਂ ਹੋਈ, ਦੇਸ਼ ਵਿੱਚ ਰਾਮ-ਰਾਜ ਵਾਲੇ ਵਾਅਦੇ ਦਾ ਕੀ ਬਣਿਆ !

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਬਿਨਾਂ ਸੰਪੂਰਨ ਉਸਾਰੀ ਕੀਤੇ ਅਯੁੱਧਿਆ ਵਿੱਚ ਨਵੇਂ ਬਣਾਏ ਗਏ ਭਗਵਾਨ ਸ੍ਰੀ ਰਾਮ ਮੰਦਰ ਦੇ ਉਦਘਾਟਨ ਲਈ 'ਪ੍ਰਾਣ ਪ੍ਰਤਿਸ਼ਠਾ' ਸਮਾਗਮ ਮੌਕੇ ਹਰ ਪਾਸੇ ਰਾਮ-ਧੁਨ ਵਾਲੇ ਮਾਹੌਲ ਵਿੱਚ ਹੋਰ ਸਾਰੇ ਮੁੱਦੇ ਪਿੱਛੇ ਪਾ ਦਿੱਤੇ ਲੱਗਦੇ ਹਨ ਤੇ ਸਾਰੇ ਦੇਸ਼ ਲਈ ਇੱਕੋ ਮੁੱਦਾ ਬਚਿਆ ਲੱਗਦਾ ਹੈ। ਜਿਸ ਦੇਸ਼ ਵਿੱਚ ਅੱਸੀ ਫੀਸਦੀ ਦੇ ਨੇੜੇ ਹਿੰਦੂ ਧਰਮ ਦੇ ਪੈਰੋਕਾਰ ਹੋਣ, ਉਸ ਵਿੱਚ ਇਸ ਤਰ੍ਹਾਂ ਦਾ ਮਾਹੌਲ ਬਣਾ ਸਕਣਾ ਕਿਸੇ ਵੀ ਰਾਜਸੀ ਧਿਰ ਲਈ ਔਖਾ ਨਹੀਂ ਹੋ ਸਕਦਾ ਤੇ ਸਾਹਮਣੇ ਜੇ ਪਾਰਲੀਮੈਂਟ ਚੋਣਾਂ ਆ ਰਹੀਆਂ ਹੋਣ ਤਾਂ ਇਸ ਲਈ ਕੋਸ਼ਿਸ਼ਾਂ ਵੀ ਤੇਜ਼ ਹੋਣੀਆਂ ਸੁਭਾਵਕ ਹਨ। ਇਹ ਸਭ ਗੱਲਾਂ ਕੋਈ ਨਹੀਂ ਗੌਲਦਾ ਕਿ ਭਗਵਾਨ ਰਾਮ ਦੇ ਹਿੰਦੂ ਪੈਰੋਕਾਰਾਂ ਲਈ ਜਿਹੜੇ ਸ਼ੰਕਰਾਚਾਰੀਆ 'ਜਗਤ ਗੁਰੂ' ਸਨ ਅਤੇ ਸਭ ਤੋਂ ਵੱਧ ਮਾਨਤਾ ਦੇ ਹੱਕਦਾਰ ਸਨ, ਉਹ ਸ਼ੰਕਰਾਚਾਰੀਆ ਇਸ ਸਮਾਗਮ ਬਾਰੇ ਕੀ ਕਹਿੰਦੇ ਹਨ, ਸਗੋਂ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਦੇ ਸਮਰਥਕ ਸ਼ੰਕਰਾਚਾਰੀਆ ਖਿਲਾਫ ਵੀ ਊਲ-ਜਲੂਲ ਕਹਿੰਦੇ ਸੁਣੇ ਜਾਂਦੇ ਹਨ। ਉਨ੍ਹਾਂ ਬਾਰੇ ਇਹੋ ਜਿਹੀ ਗੱਲ ਕੋਈ ਹੋਰ ਗਲਤੀ ਨਾਲ ਵੀ ਕਹਿ ਦੇਂਦਾ ਤਾਂ ਸਖਤ ਧਾਰਾਵਾਂ ਦੇ ਕੇਸ ਦਰਜ ਹੋ ਜਾਣੇ ਸਨ ਤੇ ਸ਼ਾਇਦ ਉਸ ਦੇ ਘਰ ਉੱਤੇ ਬੁਲਡੋਜ਼ਰ ਵੀ ਫੇਰਿਆ ਜਾਂਦਾ, ਪਰ ਜਦੋਂ ਇਹ ਕੰਮ ਕਰਨ ਵਾਲੇ ਮੌਕੇ ਦੇ ਹਾਕਮਾਂ ਦੀ ਇੱਛਾ ਪੂਰਤੀ ਦੇ ਲਈ ਸਰਗਰਮ ਹਨ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ। ਸ਼ਰਧਾ ਦੇ ਇਸ ਮਾਹੌਲ ਵਿੱਚ ਜਿੰਨਾ ਕੁਝ ਰਾਮ ਜੀ ਦੀ ਮਹਿਮਾ ਵਿੱਚ ਕਿਹਾ ਜਾ ਰਿਹਾ ਹੈ, ਜੇ ਬਹੁਤਾ ਨਹੀਂ ਤਾਂ ਉਸ ਦਾ ਸੱਠ ਕੁ ਫੀਸਦੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਹਿਮਾ ਲਈ ਪ੍ਰਚਾਰਿਆ ਜਾਂਦਾ ਹੈ ਅਤੇ ਕਈ ਗੱਲਾਂ ਨਾਲੋ ਨਾਲ ਝੂਠ ਨਿਕਲਣ ਦੀ ਪ੍ਰਵਾਹ ਵੀ ਨਹੀਂ ਕੀਤੀ ਜਾ ਰਹੀ। ਮਿਸਾਲ ਵਜੋਂ ਇਹ ਕਿਹਾ ਗਿਆ ਕਿ ਮੋਦੀ ਜੀ ਸਿਰਫ ਨਾਰੀਅਲ ਪਾਣੀ ਪੀ ਰਹੇ ਹਨ ਤੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੱਕ ਉਹ ਹੋਰ ਕੁਝ ਵੀ ਨਹੀਂ ਖਾਣਗੇ। ਜਿਸ ਟੀ ਵੀ ਚੈਨਲ ਨੇ ਇਹ 'ਖਬਰ' ਪੇਸ਼ ਕੀਤੀ ਹੈ, ਉਸੇ ਨਾਲ ਜੁੜੇ ਹੋਏ ਇੱਕ ਪੱਤਰਕਾਰ ਨੇ ਇਹ ਰਿਪੋਰਟ ਸੁਣਾ ਦਿੱਤੀ ਕਿ ਪ੍ਰਧਾਨ ਮੰਤਰੀ ਇਨ੍ਹੀਂ ਦਿਨੀਂ ਕੇਰਲਾ ਗਏ ਤਾਂ ਓਥੇ ਫਲ ਖਾਧੇ ਸਨ। ਉਨ੍ਹਾ ਸਿਰਫ ਫਲ ਵੀ ਖਾਧੇ ਹੋਣ ਤਾਂ 'ਹੋਰ ਕੁਝ ਨਹੀਂ ਖਾਣਾ' ਵਾਲੀ 'ਖਬਰ' ਦਾ ਕੀ ਸੱਚ ਨਿਕਲਦਾ ਸੀ, ਏਦਾਂ ਦਾ ਸਵਾਲ ਕਰਨ ਦੀ ਨਾ ਕਿਸੇ ਨੂੰ ਲੋੜ ਪੈਂਦੀ ਹੈ ਅਤੇ ਨਾ ਇਹ ਪੁੱਛਣ ਦੀ ਕਿਸੇ ਕੋਲ ਵਿਹਲ ਜਾਂ ਹਿੰਮਤ ਹੈ।

ਦੇਸ਼ ਦਾ ਇੱਕ ਦ੍ਰਿਸ਼ ਜਦੋਂ ਇਹ ਹੈ ਕਿ ਕੰਮ ਕੋਈ ਕੀਤਾ ਗਿਆ ਜਾਂ ਨਹੀਂ, ਇਸ ਦੀ ਚਰਚਾ ਕਰਨੀ ਹੀ ਫਜ਼ੂਲ ਹੋ ਜਾਵੇ ਤੇ ਦੇਸ਼ ਦੀ ਅੱਸੀ ਫੀਸਦੀ ਆਬਾਦੀ ਦੀਆਂ ਧਾਰਮਿਕ ਭਾਵਨਾਵਾਂ ਆਸਰੇ ਚੋਣਾਂ ਵਿੱਚ ਬੇੜੀ ਪਾਰ ਲੱਗਣ ਦੀ ਨੀਤੀ ਕੰਮ ਕਰਦੀ ਹੋਵੇ, ਓਦੋਂ ਬਾਕੀ ਸਵਾਲ ਗੁੱਝੇ ਰਹਿ ਜਾਂਦੇ ਹਨ। ਕੋਈ ਇਹ ਨਹੀਂ ਪੁੱਛ ਸਕਦਾ ਕਿ ਜੇ ਪ੍ਰਧਾਨ ਮੰਤਰੀ ਮੋਦੀ ਇਹ ਕਹਿੰਦੇ ਹਨ ਕਿ ਪਿਛਲੇ ਪੰਝੱਤਰ ਸਾਲਾਂ ਵਿੱਚ ਇਸ ਦੇਸ਼ ਵਿੱਚ ਕੰਮ ਨਹੀਂ ਹੋਏ ਤਾਂ ਸਤਾਹਠ ਸਾਲ ਉਨ੍ਹਾ ਦੇ ਪ੍ਰਧਾਨ ਮੰਤਰੀ ਬਣਨੋਂ ਪਹਿਲੇ ਸਨ, ਓਦੋਂ ਬਾਅਦ ਦੇ ਸੱਤ ਆਪਣੇ ਸਾਲ ਮੋਦੀ ਜੀ ਕਿਵੇਂ ਗਿਣਦੇ ਹਨ? ਕੀ ਇਸ ਦਾ ਮਤਲਬ ਹੈ ਕਿ ਉਨ੍ਹਾ ਦੇ ਆਪਣੇ ਪਹਿਲੇ ਸੱਤ ਸਾਲ ਵੀ ਕੰਮ ਨਹੀਂ ਹੋਇਆ ਤੇ ਅੱਠਵੇਂ ਸਾਲ ਸ਼ੁਰੂ ਕੀਤਾ ਗਿਆ ਸੀ? ਜਿਸ ਦੇਸ਼ ਨੂੰ ਉਹ ਵਿਸ਼ਵ ਦੀ ਮੋਹਰੀ ਆਰਥਿਕਤਾ ਬਣਾਉਣ ਦੀਆਂ ਗੱਲਾਂ ਕਰਦੇ ਹਨ, ਉਸ ਦੇਸ਼ ਵਿੱਚ ਸੱਠ ਫੀਸਦੀ ਆਬਾਦੀ ਵਾਲੇ ਪਚਾਸੀ ਕਰੋੜ ਲੋਕਾਂ ਨੂੰ ਅਜੇ ਤੱਕ 'ਅਗਲੇ ਪੰਜ ਸਾਲ ਮੁਫਤ ਰਾਸ਼ਨ' ਦੇਣ ਦੇ ਲਾਰੇ ਲਾਉਣੇ ਪੈਂਦੇ ਹਨ। ਭਾਰਤ ਦੇ ਲੋਕ ਤਰੱਕੀ ਦੇ ਮਾਰਗ ਉੱਤੇ ਅੱਗੇ ਵਧਣ ਦੀ ਥਾਂ ਜੌਂਕ ਉੱਤੇ ਖੜੀ ਗੱਡੀ ਦੇ ਗੇਅਰ ਲਾਉਣ ਵਾਂਗ ਇੱਕੋ ਥਾਂ ਖੜੋਤੇ ਤਰੱਕੀ ਦੇ ਨਾਂਅ ਉੱਤੇ ਤਾੜੀਆਂ ਮਾਰਦੇ ਹਨ ਤੇ ਲੋਕਾਂ ਦੀ ਤਰੱਕੀ ਦੇ ਬਹਾਨੇ ਰਾਜਨੀਤੀ ਕਰਨ ਵਾਲੇ ਅੱਗੇ ਵਧੀ ਜਾਂਦੇ ਹਨ।

ਦੂਸਰਾ ਦ੍ਰਿਸ਼ ਇਹ ਹੈ ਕਿ ਧਰਮ ਦੇ ਨਾਂਅ ਉੱਤੇ ਧੱਕਾ ਹੋਰ ਵਧ ਗਿਆ ਹੈ। ਮੱਧ ਪ੍ਰਦੇਸ਼ ਵਿੱਚ ਦੂਸਰੇ ਧਰਮ ਵਾਲੇ ਦੋ ਜਣਿਆਂ ਉੱਤੇ ਦੋਸ਼ ਲਾਇਆ ਗਿਆ ਕਿ ਕਿਸੇ ਮੰਦਰ ਵੱਲੋਂ ਜਦੋਂ ਇੱਕ ਧਾਰਮਿਕ ਯਾਤਰਾ ਲਿਜਾਈ ਜਾਣੀ ਸੀ, ਉਨ੍ਹਾਂ ਦੋਵਾਂ ਨੇ ਉਸ ਮੌਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਈ ਸੀ। ਦੋਵੇਂ ਜਣੇ ਗ੍ਰਿਫਤਾਰ ਕੀਤੇ ਗਏ ਤੇ ਸ਼ਾਮ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਇੱਕ ਜਣੇ ਦੇ ਤਿੰਨ ਮੰਜ਼ਲਾ ਘਰ ਨੂੰ 'ਡਿੱਗਣ ਵਾਲਾ' ਕਹਿ ਕੇ 'ਆਖਰੀ ਨੋਟਿਸ' ਮਿਲ ਗਿਆ ਤੇ ਉਸ ਪਰਵਾਰ ਨੂੰ ਪਤਾ ਹੀ ਨਹੀਂ ਕਿ ਪਹਿਲੇ ਦੋ ਨੋਟਿਸ ਕਦੋਂ ਭੇਜੇ ਗਏ ਸਨ। ਰਾਤ ਪੈਣੋਂ ਪਹਿਲਾਂ ਘਰ ਢਾਹ ਦਿੱਤਾ ਗਿਆ। ਕੇਸ ਅਦਾਲਤ ਵਿੱਚ ਗਿਆ ਤਾਂ ਜਿਹੜੇ ਬੰਦੇ ਨੂੰ ਇਸ ਕੇਸ ਦਾ ਸ਼ਿਕਾਇਤ ਕਰਤਾ ਬਣਾਇਆ ਸੀ, ਉਸੇ ਨੇ ਕਹਿ ਦਿੱਤਾ ਕਿ ਭਗਵਾਨ ਨੂੰ ਜਾਨ ਦੇਣੀ ਹੈ, ਉਹ ਝੂਠ ਨਹੀਂ ਬੋਲ ਸਕਦਾ, ਉਸ ਕੋਲੋਂ ਤਾਂ ਸਾਫ ਕਾਗਜ਼ ਉੱਤੇ ਦਸਤਖਤ ਕਰਵਾਏ ਗਏ ਸਨ ਤੇ ਕਿਸ ਗੱਲ ਦਾ ਕੇਸ ਹੈ, ਉਸ ਨੂੰ ਕਿਸੇ ਨੇ ਦੱਸਿਆ ਨਹੀਂ। ਅਦਾਲਤ ਨੇ ਉਹ ਕੇਸ ਰੱਦ ਕਰ ਦਿੱਤਾ। ਜਦੋਂ ਉਸ ਗਰੀਬ ਦਾ ਘਰ ਢਾਹਿਆ ਸੀ, ਓਦੋਂ ਜਿਹੜੇ ਲੋਕ ਢੋਲ-ਵਾਜੇ ਨਾਲ ਬੁਲਡੋਜ਼ਰ ਦੇ ਅੱਗੇ-ਅੱਗੇ ਨੱਚਦੇ ਸਨ, ਅਦਾਲਤੀ ਫੈਸਲੇ ਪਿਛੋਂ ਉਹ ਸਾਰੇ ਕੁਝ ਬੋਲੇ ਹੀ ਨਹੀਂ। ਸ਼ਰਧਾ ਦੇ ਨਾਂਅ ਉੱਤੇ ਇਹ ਇੱਕ ਭੱਦੀ ਮਿਸਾਲ ਹੈ, ਪਰ ਇੱਕੋ-ਇੱਕ ਨਹੀਂ ਹੈ।

ਤੀਸਰਾ ਦ੍ਰਿਸ਼ ਇਹ ਹੈ ਕਿ ਅਗਲੀਆਂ ਚੋਣਾਂ ਲਈ ਹਰ ਰਾਜ ਵਿੱਚ ਵੱਡੇ ਪ੍ਰਭਾਵ ਵਾਲੀ ਧਿਰ ਦੇ ਆਗੂਆਂ ਦੇ ਪਿੱਛੇ ਕੇਂਦਰ ਦੀਆਂ ਏਜੰਸੀਆਂ ਓਦਾਂ ਹੀ ਲੱਗ ਗਈਆਂ ਹਨ, ਜਿਵੇਂ ਸਾਰੇ ਦੇਸ਼ ਵਿੱਚ ਕਾਂਗਰਸ ਨਾਲ ਜੁੜੇ ਹੋਏ ਹਰ ਵੱਡੇ ਆਗੂ ਪਿੱਛੇ ਲੱਗੀਆਂ ਦਿੱਸਦੀਆਂ ਹਨ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੇ ਲੀਡਰਾਂ ਨੂੰ ਘੇਰਨ ਲਈ ਛਾਪੇ ਮਾਰਨ ਦੇ ਅਗਲੇ-ਪਿਛਲੇ ਸਾਰੇ ਰਿਕਾਰਡ ਮਾਤ ਕੀਤੇ ਪਏ ਹਨ। ਤਾਮਿਲ ਨਾਡੂ ਵਿੱਚ ਡੀ ਐੱਮ ਕੇ ਪਾਰਟੀ ਦੇ ਲੀਡਰ ਫੜਨ ਲਈ ਕੇਂਦਰੀ ਏਜੰਸੀਆਂ ਲਗਾਤਾਰ ਛਾਪੇ ਮਾਰ ਰਹੀਆਂ ਹਨ। ਝਾਰਖੰਡ ਦਾ ਮੁੱਖ ਮੰਤਰੀ ਹੇਮੰਤ ਸੋਰੇਨ ਨਿਸ਼ਾਨੇ ਉੱਤੇ ਹੈ ਅਤੇ ਉਸ ਨੂੰ ਅੱਠ ਵਾਰ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਨੋਟਿਸ ਭੇਜੇ ਜਾ ਚੁੱਕੇ ਹਨ। ਕਿਸੇ ਵੇਲੇ ਵੀ ਉਸ ਦੀ ਗ੍ਰਿਫਤਾਰੀ ਹੋਣ ਦੇ ਚਰਚੇ ਭਾਰਤ ਦੇ ਮੀਡੀਏ ਦਾ ਇੱਕ ਖਾਸ ਹਿੱਸਾ ਰੋਜ਼ ਕਰਦਾ ਹੈ। ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੇ ਖਿਲਾਫ ਪੰਜ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ਤੇ ਭਾਰਤੀ ਮੀਡੀਏ ਦਾ ਇਹੋ ਖਾਸ ਹਿੱਸਾ ਉਸ ਦੇ ਖਿਲਾਫ ਦੇ ਹੇਮੰਤ ਸੋਰੇਨ ਦੇ ਕੇਸਾਂ ਵਾਲੀ ਮੁਹਾਰਨੀ ਰਾਤ-ਦਿਨ ਰਟ ਰਿਹਾ ਹੈ। ਹਰਿਆਣੇ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਅਸੀਂ ਕਦੇ ਸੱਚਾ-ਸੁੱਚਾ ਨਹੀਂ ਮੰਨਿਆ, ਪਰ ਉਸ ਦੇ ਖਿਲਾਫ ਈ ਡੀ ਦੀਆਂ ਪੇਸ਼ੀਆਂ ਦੀ ਤਾਜ਼ਾ ਮੁਹਿੰਮ ਤੋਂ ਸਭ ਹੈਰਾਨ ਹਨ। ਭਾਜਪਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਓਥੋਂ ਦੀ ਕਮਾਨ ਭਾਰਤ ਦੀ ਕਮਾਨ ਨਰਿੰਦਰ ਮੋਦੀ ਹੱਥ ਆਉਣ ਤੋਂ ਛੇ ਕੁ ਮਹੀਨੇ ਪਿੱਛੋਂ ਸੰਭਾਲੀ ਅਤੇ ਕੁਝ ਦਿਨ ਪਿੱਛੋਂ ਭੁਪਿੰਦਰ ਸਿੰਘ ਹੁੱਡਾ ਦੇ ਖਿਲਾਫ ਇੱਕ ਕੇਸ ਦਰਜ ਹੋ ਗਿਆ ਸੀ, ਪਰ ਪੰਜ ਸਾਲ ਕੋਈ ਪੇਸ਼ੀ ਨਹੀਂ ਸੀ ਹੋਈ। ਜਦੋਂ ਅਗਲੀ ਲੋਕ ਸਭਾ ਅਤੇ ਫਿਰ ਉਸ ਪਿੱਛੋਂ ਵਿਧਾਨ ਸਭਾ ਚੋਣਾਂ ਵੀ ਹੋਣ ਵਾਲੀਆਂ ਸਨ ਤਾਂ ਉਸ ਦੀਆਂ ਪੇਸ਼ੀਆਂ ਸ਼ੁਰੂ ਹੋ ਗਈਆਂ ਸਨ। ਦੋਵੇਂ ਚੋਣਾਂ ਜਦੋਂ ਲੰਘ ਗਈਆਂ ਤਾਂ ਉਹ ਫਾਈਲਾਂ ਠੱਪ ਦਿੱਤੀਆਂ ਤੇ ਫਿਰ ਪੰਜ ਸਾਲ ਕਿਸੇ ਨੇ ਛੇੜੀਆਂ ਤੱਕ ਨਹੀਂ, ਪਰ ਲੋਕ ਸਭਾ ਅਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣ ਵਾਲਾ ਸਮਾਂ ਨੇੜੇ ਆਇਆ ਤਾਂ ਫਿਰ ਉਨ੍ਹਾਂ ਫਾਈਲਾਂ ਦਾ ਘੱਟਾ ਝਾੜ ਕੇ ਉਸ ਨੂੰ ਸੰਮਣ ਭੇਜੇ ਜਾਣ ਲੱਗੇ ਹਨ। ਕਰਨਾਟਕ ਹਮੇਸ਼ਾ ਤੋਂ ਭਾਜਪਾ ਦੇ ਨਿਸ਼ਾਨੇ ਉੱਤੇ ਰਿਹਾ ਹੈ ਅਤੇ ਅੱਜਕੱਲ੍ਹ ਫਿਰ ਓਥੇ ਕਾਂਗਰਸ ਦੇ ਆਗੂਆਂ ਵਿਰੁੱਧ ਕੇਂਦਰ ਸਰਕਾਰ ਦੀਆਂ ਏਜੰਸੀਆਂ ਵੱਲੋਂ ਨਿੱਤ ਦਿਨ ਛਾਪੇ ਮਾਰਨ ਦੀਆਂ ਖਬਰਾਂ ਮੀਡੀਏ ਵਿੱਚ ਆਉਣ ਲੱਗ ਪਈਆਂ ਹਨ।

ਮਹਾਰਾਸ਼ਟਰ ਦੇ ਸਭ ਤੋਂ ਸੀਨੀਅਰ ਨੇਤਾ ਸ਼ਰਦ ਪਵਾਰ ਬਾਰੇ ਵੀ ਆਮ ਰਾਏ ਹਰਿਆਣੇ ਦੇ ਭੁਪਿੰਦਰ ਸਿੰਘ ਹੁੱਡਾ ਵਰਗੀ ਹੈ ਕਿ ਉਸ ਨੂੰ ਈਮਾਨਦਾਰ ਕਹਿਣਾ ਔਖਾ ਹੈ, ਪਰ ਉਸ ਦਾ ਜਿਹੜਾ ਭਤੀਜਾ ਅਜੀਤ ਪਵਾਰ ਭਾਜਪਾ ਨੇ ਆਪਣੇ ਨਾਲ ਮਿਲਾ ਕੇ ਡਿਪਟੀ ਮੁੱਖ ਮੰਤਰੀ ਬਣਾ ਲਿਆ ਹੈ, ਸਭ ਤੋਂ ਵੱਧ ਬਦਨਾਮੀ ਉਸੇ ਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ ਦਾ ਨਾਂਅ ਲੈ ਕੇ ਮਹਾਰਾਸ਼ਟਰ ਦੀਆਂ ਰੈਲੀਆਂ ਵਿੱਚ ਸ਼ਰਦ ਪਵਾਰ, ਉਸ ਦੇ ਪਰਵਾਰ ਅਤੇ ਉਸ ਦੀ ਪਾਰਟੀ ਦਾ ਗੁੱਡਾ ਬੰਨ੍ਹਿਆ, ਪਰ ਜਦੋਂ ਭਤੀਜਾ ਆਪਣੇ ਚਾਚੇ ਤੋਂ ਚੋਰੀ ਇਨ੍ਹਾਂ ਨਾਲ ਆਣ ਮਿਲਿਆ ਤਾਂ ਸਾਰੇ ਐਬ ਭੁਲਾ ਦਿੱਤੇ ਗਏ। ਨਵੀਂ ਖਬਰ ਹੈ ਕਿ ਸ਼ਰਦ ਪਵਾਰ ਦੇ ਪੋਤੇ ਤੇ ਵਿਧਾਇਕ ਰੋਹਿਤ ਪਵਾਰ ਦੇ ਖਿਲਾਫ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਸੰਮਣ ਜਾਰੀ ਕਰ ਦਿੱਤੇ ਹਨ ਕਿ ਮਹਾਰਾਸ਼ਟਰ ਸਟੇਟ ਕੋਆਪਰੇਟਿਵ ਬੈਂਕ ਵਿੱਚ ਹੋਏ ਇੱਕ ਘੁਟਾਲੇ ਵਾਲੇ ਕੇਸ ਦੀ ਪੁੱਛਗਿੱਛ ਕਰਨਗੇ। ਇਹ ਕੇਸ ਵੀ ਕਈ ਸਾਲ ਪੁਰਾਣਾ ਹੈ, ਪਰ ਪੁੱਛਗਿੱਛ ਦਾ ਸਮਾਂ ਲੋਕ ਸਭਾ ਚੋਣਾਂ ਨਾਲ ਜੋੜਨ ਦਾ ਪ੍ਰਭਾਵ ਸਾਫ ਹੈ, ਤਾਂ ਕਿ ਉਸ ਦੇ ਦਾਦੇ ਸ਼ਰਦ ਪਵਾਰ ਦੀਆਂ ਸਰਗਰਮੀਆਂ ਨੂੰ ਇੱਕ ਹੱਦ ਤੋਂ ਅੱਗੇ ਵਧਣੋਂ ਰੋਕਿਆ ਜਾ ਸਕੇ। ਭਾਜਪਾ ਅਤੇ ਪ੍ਰਧਾਨ ਮੰਤਰੀ ਦਾ ਸਭ ਤੋਂ ਨੇੜਲਾ ਕਾਰੋਬਾਰੀ ਗੌਤਮ ਅਡਾਨੀ ਪਿਛਲੇ ਦਿਨੀਂ ਆਪਣੇ ਇੱਕ ਪ੍ਰਾਜੈਕਟ ਦਾ ਉਦਘਾਟਨ ਕਰਨ ਬਹਾਨੇ ਮਹਾਰਾਸ਼ਟਰ ਗਿਆ ਤੇ ਸ਼ਰਦ ਪਵਾਰ ਤੇ ਉਸ ਦੀ ਪਾਰਲੀਮੈਂਟ ਮੈਂਬਰ ਧੀ ਸੁਪ੍ਰਿਆ ਸੁਲੇ ਨੂੰ ਮਿਲ ਕੇ ਆਇਆ ਸੀ। ਚਰਚਾ ਹੈ ਕਿ ਸ਼ਰਦ ਪਵਾਰ ਦੇ ਪੋਤੇ ਦਾ ਸੰਮਨ ਜਾਰੀ ਹੋਣ ਦੇ ਬਾਅਦ ਉਸ ਕਾਰੋਬਾਰੀ ਦੇ ਰਾਹੀਂ ਪਹੁੰਚ ਕਰ ਕੇ ਦਿੱਲੀ ਤੱਕ ਤਾਲਮੇਲ ਦੇ ਯਤਨ ਸ਼ੁਰੂ ਹੋ ਗਏ ਹਨ। ਫਸਿਆ ਹੋਇਆ ਸ਼ਰਦ ਪਵਾਰ ਆਪਣੇ ਪੋਤੇ ਲਈ ਸਭ ਕੁਝ ਕਰੇਗਾ, ਪਰ ਸਵਾਲ ਇਹ ਹੈ ਕਿ ਇਹ ਸਭ ਕੁਝ ਚੋਣਾਂ ਨੇੜੇ ਹੀ ਕਿਉਂ ਕੀਤਾ ਜਾ ਰਿਹਾ ਹੈ?

ਅਸੀਂ ਲੋਕ ਬਚਪਨ ਤੋਂ 'ਰਾਮ-ਰਾਜ' ਦੀ ਚਰਚਾ ਸੁਣਦੇ ਆਏ ਸਾਂ ਅਤੇ ਹਰ ਵਾਰੀ ਜਦੋਂ ਕੇਂਦਰ ਵਿੱਚ ਸਰਕਾਰ ਬਣਾਉਣ ਦਾ ਮੌਕਾ ਭਾਜਪਾ ਨੂੰ ਮਿਲਿਆ ਤਾਂ ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਲਾਰਾ ਲਾਇਆ ਸੀ ਕਿ ਉਹ 'ਰਾਮ-ਰਾਜ' ਪੇਸ਼ ਕਰ ਕੇ ਸਤਯੁਗੀ ਨਜ਼ਾਰਿਆਂ ਵਾਲਾ ਦੇਸ਼ ਸਿਰਜਣਗੇ। ਕਈ ਕਾਂਗਰਸੀ ਆਗੂ ਵੀ ਲੋਕਾਂ ਨੂੰ 'ਰਾਮ-ਰਾਜ' ਵਾਂਗ ਹਰ ਕਿਸੇ ਲਈ ਇਨਸਾਫ ਵਾਲਾ ਰਾਜ ਦੇਣ ਲਈ ਵਾਅਦੇ ਕਰਦੇ ਰਹੇ ਹਨ, ਪਰ ਉਹ ਵੀ ਅਸਲ ਵਿੱਚ ਹਰ ਕਿਸਮ ਦੇ ਗਲਤ ਤੇ ਅਣ-ਉਚਿਤ ਕੰਮ ਕਰਦੇ ਤੇ ਤੁਰ ਜਾਂਦੇ ਰਹੇ ਸਨ। ਭਾਜਪਾ ਆਪਣੇ ਆਪ ਨੂੰ ਭਗਵਾਨ ਰਾਮ ਦੀ ਸਭ ਤੋਂ ਵੱਡੀ ਪੈਰੋਕਾਰ ਕਹਿੰਦੀ ਹੈ ਤੇ ਇਹ ਗੱਲ ਅੱਜ ਨਹੀਂ ਕਹਿਣ ਲੱਗੀ, ਪਹਿਲਾਂ ਹਿੰਦੂ ਮਹਾਂ ਸਭਾ ਹੋਣ ਵੇਲੇ ਵੀ ਕਹਿੰਦੀ ਸੀ, ਫਿਰ ਭਾਰਤੀ ਜਨ ਸੰਘ ਦੇ ਰੂਪ ਵਿੱਚ ਵੀ ਕਹਿੰਦੀ ਰਹੀ ਤੇ ਜਦੋਂ ਨਵੀਂ ਭਾਰਤੀ ਜਨਤਾ ਪਾਰਟੀ ਬਣਾਈ ਸੀ ਤਾਂ ਉਸ ਵੇਲੇ ਵੀ ਇਸ ਪਾਰਟੀ ਨੇ ਇਹੋ ਵਾਅਦਾ ਕੀਤਾ ਸੀ। ਮੋਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਦੀ ਚੌਧਰ ਦੀ ਲੜਾਈ ਦੇ ਬਾਅਦ ਜਦੋਂ ਜਨਤਾ ਪਾਰਟੀ ਟੁੱਟੀ ਤਾਂ ਜਿਹੜੇ ਪੁਰਾਣੇ ਜਨ ਸੰਘੀ ਲੀਡਰਾਂ ਨੇ ਭਾਜਪਾ ਖੜੀ ਕੀਤੀ, ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਨਾਨਾਜੀ ਦੇਸ਼ਮੁਖ ਆਦਿ ਸਾਰਿਆਂ ਨੇ ਭਾਰਤ ਦੇ ਲੋਕਾਂ ਨੂੰ ਰਾਮ ਮੰਦਰ ਬਣਾਉਣ ਤੇ ਇਸ ਦੇਸ਼ ਵਿੱਚ ਰਾਮ-ਰਾਜ ਪੇਸ਼ ਕਰਨ ਦੇ ਨਾਲ ਸਵੱਛ ਅਤੇ ਨਿਆਂ-ਪੂਰਨ ਰਾਜਨੀਤੀ ਦੇਣ ਦਾ ਵਾਅਦਾ ਕੀਤਾ ਸੀ।

ਮੰਦਰ ਬਣਾਉਣ ਦਾ ਇੱਕ ਵਾਅਦਾ ਪੂਰਾ ਕਰ ਕੇ ਭਾਜਪਾ ਇਸ ਵਾਰ ਲੋਕ ਸਭਾ ਚੋਣਾਂ ਲੜਨ ਦੀ ਤਿਆਰੀ ਵਿੱਚ ਹੈ ਤਾਂ ਦੇਸ਼ ਦੇ ਲੋਕ ਉਸ ਤੋਂ ਰਾਮ-ਰਾਜ ਵਰਗਾ ਨਿਆਂ-ਪੂਰਨ ਰਾਜ ਚਲਾਉਣ ਦੀ ਆਸ ਕਰਦੇ ਹਨ, ਪਰ ਅਮਲ ਵਿੱਚ ਏਦਾਂ ਦੀ ਕੋਈ ਗੱਲ ਨਜ਼ਰ ਨਹੀਂ ਆ ਰਹੀ। ਜਿਹੜੇ ਵੀ ਰਾਜ ਵਿੱਚ ਭਾਜਪਾ ਦੀ ਸਰਕਾਰ ਆਈ, ਘੱਟ-ਗਿਣਤੀ ਧਰਮ ਦੇ ਲੋਕਾਂ ਤੇ ਹਿੰਦੂ ਧਰਮ ਵਿੱਚ ਛੋਟੀ ਜਾਤ ਵਾਲੇ ਕਹਿ ਕੇ ਦੁਰਕਾਰੇ ਜਾਂਦੇ ਲੋਕਾਂ ਨਾਲ ਵਧੀਕੀਆਂ ਕਰਨ ਦਾ ਅਮਲ ਤੇਜ਼ ਹੋ ਜਾਂਦਾ ਰਿਹਾ ਹੈ। ਹਿੰਦੂ ਧਰਮ ਵਿ

21-Jan-Sunday.qxd 1/20/2024 10:48 PM Page 4

ਹਕੂਮਤੀ ਚਾਲਾਂ 'ਚ ਪਿਸਦੇ ਮਾਨਵ ਦੀ ਕਾਵਿਕਾਰੀ

ਅੰਮ੍ਰਿਤ ਕਾਲ ਤੱਕ

(ਕਾਵਿ ਸੰਗ੍ਰਹਿ)
ਨਵਤੇਜ ਗੜ੍ਹਦੀਵਾਲਾ
ਪੰਨੇ : 116 ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ



ਕਿਤਾਬ ਦੀ

ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)

ਪੰਜਾਬੀ ਕਵਿਤਾ ਦਾ ਇਹ ਵਿਸ਼ੇਸ਼ ਸੁਭਾਅ ਰਿਹਾ ਹੈ ਕਿ ਉਹ ਕਦੇ ਵੀ ਹਾਕਮ ਧਿਰ ਨਾਲ ਨਹੀਂ ਖੜਦੀ, ਸਗੋਂ ਹਕੂਮਤੀ ਚਾਲਾਂ ਨਾਲ ਪਿਸ ਰਹੀ, ਨਰਕ ਭੋਗਦੀ ਲੋਕਾਈ ਦੀ ਧਿਰ ਬਣਦੀ ਰਹੀ ਆ ਰਹੀ ਹੈ। ਇਹ ਪਰੰਪਰਾ ਭਗਤੀ ਲਹਿਰ ਦੇ ਕਵੀਆਂ ਤੋਂ ਆਰੰਭ ਹੋ ਕੇ ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਹੋਰ ਲਹਿਰਾਂ ਦੀ ਕਵਿਤਾ ਵਿੱਚ ਮੁਸਲਸਲ ਦੇਖੀ ਜਾ ਸਕਦੀ ਹੈ। ਮੁਲਕ ਦੀ ਆਜ਼ਾਦੀ ਪਰ ਪੰਜਾਬ ਦੇ ਖਿੱਤੇ ਦੀ ਵੰਡ ਸਮੇਂ ਹੋਏ ਮਾਨਵ ਵਿਰੋਧੀ ਵਰਤਾਰੇ ਨੂੰ ਜਿਸ ਤਰ੍ਹਾਂ ਪੰਜਾਬੀ ਕਵਿਤਾ ਨੇ ਆਪਣੇ ਕਲੇਵਰ ਵਿੱਚ ਸਮੋਇਆ ਅਤੇ ਸਮੇਟਿਆ ਹੈ, ਉਹ ਇਸ ਕਥਨ ਦੀ ਢੁਕਵੀਂ ਉਦਾਹਰਣ ਹੈ। ਪੰਜਾਬੀ ਕਵਿਤਾ ਨੇ ਹਰ ਸਮੇਂ ਉਸ ਵਿਅਕਤੀ ਦੀ ਗੱਲ ਮੁੱਖ ਸੁਰ ਵਿੱਚ ਕੀਤੀ ਹੈ ਜਿਸ ਨੂੰ ਹਾਕਮਾਂ ਨੇ ਆਪਣੀਆਂ 'ਚਾਲਾਂ' ਨਾਲ ਹਮੇਸ਼ਾ ਹੀ ਹਾਸ਼ੀਏ 'ਤੇ ਧੱਕਣ ਦਾ ਯਤਨ ਕੀਤਾ ਹੈ। ਹਾਲਾਤ ਦੀ ਵਿਡੰਬਨਾ ਇਹ ਹੀ ਰਹੀ ਹੈ ਕਿ ਜਦੋਂ ਤੱਕ ਆਮ ਲੋਕ ਇਨ੍ਹਾਂ ਹਕੂਮਤੀ ਚਾਲਾਂ ਨੂੰ ਸਮਝ ਸਕਣ, ਅਤੇ ਇਸ ਦਾ ਵਿਰੋਧ ਜਥੇਬੰਦਕ ਰੂਪ ਵਿੱਚ ਕਰ ਸਕਣ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਅਤੇ ਹਾਕਮ ਆਪਣੀਆਂ ਚਾਲ੍ਹਾਂ ਨੂੰ ਨਵਾਂ ਰੂਪ/ਦਿਖ ਦੇ ਚੁੱਕੇ ਹੁੰਦੇ ਹਨ। ਪੰਜਾਬ ਦੇ ਇਸ/ਖੱਤੇ ਨੇ ਅਨੇਕਾਂ ਉਜਾੜੇ ਆਪਣੇ ਪਿੰਡੇ ਤੇ ਹੰਢਾਏ ਹਨ ਪਰ ਇਹ ਕਦੇ ਉਜੜਿਆ ਨਹੀਂ। ਸ਼ਾਇਦ ਇਸ ਖਿੱਤੇ ਦੀ ਇਹ ਤਾਸੀਰ ਹੀ ਪੰਜਾਬ ਅਤੇ ਪੰਜਾਬੀਆਂ ਨੂੰ ਮੁਲਕ ਦੀ ਕਿਸੇ ਵੀ ਲਹਿਰ, (ਜੋ ਸਮਾਜਿਕ ਤਬਦੀਲੀ ਲਈ ਸੰਘਰਸ਼ ਕਰ ਰਹੀ ਹੁੰਦੀ ਹੈ) ਦੀ ਅਗਵਾਈ ਕਰਨ ਦਾ ਮਾਣ ਹਾਸਲ ਹੁੰਦਾ ਰਿਹਾ ਹੈ। ਇਸ ਤੱਥ ਦੀ ਪੁਸ਼ਟੀ ਭਾਰਤ ਦੀ ਆਜ਼ਾਦੀ ਉਪਰੰਤ ਮੁਲਕ ਵਿੱਚ ਹੋਣ ਵਾਲੀ ਸਮਾਜਿਕ, ਰਾਜਨੀਤਕ, ਆਰਥਿਕ ਆਦਿ ਖੇਤਰਾਂ ਵਿੱਚ ਹੋਣ ਵਾਲੀ ਤਬਦੀਲੀ ਵਿੱਚ ਦੇਖਣ ਤੋਂ ਹੋ ਸਕਦੀ ਹੈ। ਪੰਜਾਬੀ ਕਵਿਤਾ ਪੰਜਾਬੀਆਂ ਦੀ ਇਸ ਮੋਹਰੀ ਭੂਮਿਕਾ ਦਾ ਹਮੇਸ਼ਾ ਜ਼ਾਮਨ ਰਹੀ ਹੈ।

ਨਵਤੇਜ ਗੜ੍ਹਦੀਵਾਲਾ ਦਾ ਇਹ ਕਾਵਿ-ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' ਉਸ ਦੀ ਕਾਵਿਕਾਰੀ ਨੂੰ, ਜੋ ਧੁੱਪ ਦੀ ਤਲਾਸ਼ ਅਤੇ 'ਸੂਰਜ ਦਾ ਹਲਫ਼ੀਆ ਬਿਆਨ' ਨਾਲ, ਪੰਜਾਬੀ ਕਾਵਿ-ਖੇਤਰ ਵਿੱਚ ਪ੍ਰਵੇਸ਼ ਕਰਦੀ ਹੈ, ਤੋਂ ਅੱਗੇ ਤੋਰਦੀ ਹੈ। ਉਸ ਦੇ ਪਹਿਲੇ ਦੋ ਕਾਵਿ ਸੰਗ੍ਰਹਿ ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਉਹ ਆਪਣੇ ਲੋਕਾਂ ਲਈ ਇਥ ਬਿਹਤਰ ਅਤੇ ਰੋਸ਼ਨ ਭਵਿੱਖ ਲਈ ਤਾਂਘਦਾ ਹੈ, ਉਸ ਦੀ ਇਸ ਤਾਂਘ ਉਸ ਵੱਲੋਂ ਸਿਰਜੇ ਕਾਵਿ ਸ਼ਬਦਾਂ ਵਿੱਚ ਦੇਖੀ ਜਾ ਸਕਦੀ ਹੈ। ਨਵਤੇਜ ਅਸਲ ਵਿੱਚ ਰਾਜਸੀ ਸੂਝ ਅਤੇ ਰਾਜਨੀਤਕ ਚੇਤਨਾ ਵਾਲੀ ਕਵਿਤਾ ਸਿਰਜਦਾ ਹੈ। ਰਾਜਨੀਤਕ ਪੈਂਤੜੇਬਾਜ਼ੀ ਆਮ ਬੰਦੇ ਦੀ ਸਮਝ ਤੋਂ ਪਰੇ ਦੀ ਗੱਲ ਹੁੰਦੀ ਹੈ ਪਰ ਨਵਤੇਜ ਵੱਖ-ਵੱਖ ਸਮਿਆਂ ਵਿੱਓ ਹਾਕਮਾਂ ਦੀਆਂ ਇਨ੍ਹਾਂ ਚਾਲਾਂ ਨੂੰ ਸਮਝਦਾ ਵੀ ਹੈ ਅਤੇ ਅੱਗੇ ਇਸ ਦਾ ਸੰਚਾਰ ਕਾਵਿਮਈ ਅੰਦਾਜ਼ ਵਿੱਚ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਇਸ ਕਿਤਾਬ ਨੂੰ ਅਸੀਂ ਇਸ ਸੰਦਰਭ ਵਿੱਚ ਹੀ ਦੇਖਣ ਦਾ ਯਤਨ ਕਰਾਂਗੇ।

ਭਾਰਤ ਨੂੰ ਆਜ਼ਾਦ ਹੋਇਆਂ ਜਦ 75 ਸਾਲ ਹੋਏ ਤਾਂ ਹਾਕਮਾਂ ਨੇ ਇਸ ਕਾਲ ਨੂੰ 'ਅੰਮ੍ਰਿਤ ਕਾਲ' ਦੇ ਨਾਂਅ ਨਾਲ ਪ੍ਰਚਾਰਨਾ/ਪ੍ਰਸਾਰਨਾ ਆਰੰਭ ਕੀਤਾ। ਮੌਜੂਦ ਹਾਕਮ ਧਿਰ ਨੂੰ ਜਿਹੜੀ ਸ਼ਕਤੀ ਚਲਾ ਰਹੀ ਹੈ, ਉਹ ਕਿਸੇ ਨਾ ਕਿਸੇ ਤਰ੍ਹਾਂ ਇਸ ਨੂੰ ਹਿੰਦੂ ਰਾਸ਼ਟਰ ਬਣਾ ਕੇ ਆਪਣੇ ਲੁੱਟਤੰਤਰ ਨੂੰ ਕਾਇਮ ਰੱਖਣ ਦੇ ਆਹਰ ਵਿੱਚ ਹੈ। ਨਵਤੇਜ ਆਪਣੀ ਇਸ ਪੁਸਤਕ ਵਿੱਚ 'ਅੰਮ੍ਰਿਤ ਕਾਲ ਤੱਕ' ਕਵਿਤਾ ਵਿੱਚ ਵੀ ਭਾਰਤੀ ਮਿੱਥ ਵਿੱਚੋਂ ਕੁਸ਼ਨਾਭ ਅਤੇ ਉਸ ਦੀਆਂ 100 ਧੀਆਂ ਦੀ ਕਥਾ ਰਾਹੀਂ ਉਸ ਮਿੱਥ ਨੂੰ ਅਜੋਕੇ ਯੁੱਗ ਨਾਲ ਜੋੜ ਕੇ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਸ ਮਿਥਕ ਯੁੱਗ ਵਿੱਚ 'ਸੰਸਦ ਦੇਵ' ਧੱਕਾ ਕਰਦਾ ਸੀ ਅਤੇ ਅਜੋਕੇ ਯੁੱਗ ਵਿੱਚ ਵੀ ਅਜਿਹੇ 'ਸੰਸਦ ਦੇਵ' ਦੇ ਨਵੇਂ 'ਅਵਤਾਰ' ਇਹੋ ਕੁਝ ਹੀ ਕਰ ਰਹੇ ਹਨ। ਧੀਆਂ ਦਾ ਬਾਪ ਹਰ ਯੁੱਗ ਵਿੱਚ ਹੀ ਹਾਰਿਆ-ਹੰਭਿਆ ਰਹਿੰਦਾ ਹੈ, ਜਿਸ ਨੂੰ ਇਨਸਾਫ਼ ਨਹੀਂ ਮਿਲਦਾ। ਯੁੱਗ ਬਦਲਦੇ ਹਨ, ਪਰ ਕੁਸ਼ਨਾਭ ਵਾਂਗ ਕਿਸੇ ਵੀ ਬਾਪ ਨੂੰ ਉਸ ਦੀਆਂ ਧੀਆਂ ਨਾਲ ਹੋਈ/ਹੋ ਰਹੀ ਵਧੀਕੀ ਦਾ ਇਨਸਾਫ਼ ਨਹੀਂ ਮਿਲਦਾ। ਨਵਤੇਜ ਲਿਖਦਾ ਹੈ:

"ਇਞ ਕਹਿੰਦਿਆਂ ਹਾਰੇ ਬਾਪ ਨੇ ਹਾਰੀ ਧੀ ਨੂੰ
ਅੰਦਰ ਵੜ ਕੇ ਆਪਣੇ ਗਲੇ ਲਗਾਇਆ
ਸਤਯੁਗ ਤੋਂ ਹੁਣ ਅੰਮ੍ਰਿਤ ਕਾਲ ਹੈ ਆਇਆ
ਧੀਏ ਸਾਨੂੰ ਇਸ ਨੇ ਵੀ ਨਾ ਇਨਸਾਫ਼ ਦੁਆਇਆ"

ਆਮ ਬੰਦਾ ਹਰ ਦੌਰ ਵਿੱਚ ਹਾਸ਼ੀਏ 'ਤੇ ਧੱਕਿਆ ਜਾਂਦਾ ਰਿਹਾ ਹੈ, ਜਿਸ ਨਾਲ ਉਸ ਦੀ ਮਾਨਸਿਕਤਾ ਵਿੱਚ ਅਜਿਹਾ ਡਰ ਬੈਠ ਜਾਂਦਾ ਹੈ ਕਿ ਉਹ ਕਦੇ ਵੀ ਖੁੱਲ੍ਹ ਕੇ ਜੀਣ ਦਾ ਹੌਸਲਾ ਹੀ ਨਹੀਂ ਕਰ ਸਕਦਾ। ਆਮ ਬੰਦਾ ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਹਿੱਤ ਛੋਟੀਆਂ-ਮੋਟੀਆਂ ਠੱਗੀਆਂ ਮਾਰਨ ਲਈ ਮਜਬੂਰ ਹੋਇਆ ਵੀ ਆਪਣੇ ਡਰੂ ਮਾਨਸਿਕਤਾ ਵਿੱਚ ਹੀ ਜੀਉਂਦਾ ਹੈ, ਜਦ ਕਿ ਮੁਲਕ ਦਾ ਸੂਟ-ਬੂਟ ਲਿਸ਼ਕਾਈ ਧੜਾ ਪੂਰੇ ਦਾ ਪੂਰਾ ਮੁਲਕ ਵੇਚ ਕੇ ਵੀ ਹਿੱਕ ਤਾਣ ਕੇ ਤੁਰਦਾ ਹੈ, ਪਰ 'ਬੇਚਾਰਾ ਕੰਡਕਟਰ' ਇੱਕ ਟਿਕਟ ਬਚਾ ਕੇ ਵੀ ਪੂਰੇ ਰਸਤੇ ਡਰਦਾ ਰਹਿੰਦਾ ਹੈ, ਇਹ ਡਰ ਅਸਲ ਵਿੱਚ ਹਾਕਮੀ ਧਿਰਾਂ ਨੇ ਉਸ ਦੇ ਜੀਵਨ ਵਿੱਚ ਅਜਿਹਾ ਬਿਠਾ ਦਿੱਤਾ ਹੈ, ਜੋ ਉਸ ਦਾ ਖਹਿੜਾ ਨਹੀਂ ਛੱਡਦਾ। ਸਾਡਾ ਰਾਜਸੀ ਪ੍ਰਬੰਧ ਬੰਦੇ ਨੂੰ ਸ਼ੇਰ ਤੋਂ ਚੂਹਾ ਕਿਵੇਂ ਬਣਾ ਦਿੰਦਾ ਹੈ, ਚੰਗੇ-ਭਲੇ ਨੂੰ ਗਊ ਦਾ ਜਾਇਆ ਕਿਵੇਂ ਬਣਾ ਦਿੰਦਾ ਹੈ, ਇਸ ਦਾ ਕਾਵਿਕਾਰੀ ਨਵਤੇਜ ਦੀਆਂ ਦੋ ਕਵਿਤਾਵਾਂ ਵਿੱਚੋਂ ਭਲੀ-ਭਾਂਤ ਦੇਖੀ ਜਾ ਸਕਦੀ ਹੈ। ਹਕੂਮਤੀ ਚਾਲਾਂ ਨਾਬਰੀ ਦਾ ਬਿਰਤਾਂਤ ਸਿਰਜਦੀਆਂ ਧਿਰਾਂ ਨੂੰ ਖ਼ਤਮ ਕਰਨ ਦਾ ਹਰ ਹਰਬਾ ਵਰਤਦੀਆਂ ਰਹਿੰਦੀਆਂ ਹਨ। ਅਜਿਹਾ ਹਰ ਰੰਗ-ਰੂਪ ਦੀ ਸਰਕਾਰ ਸਮੇਂ ਲਗਾਤਾਰ ਹੁੰਦਾ ਆ ਰਿਹਾ ਹੈ। ਨਵਤੇਜ ਆਪਣੀ ਇੱਕ ਕਵਿਤਾ ਵਿੱਚ ਇਸ ਦਾ ਜ਼ਿਕਰ ਕਰਦਾ ਕਹਿੰਦਾ ਹੈ ਕਿ ਹਾਕਮ ਕਦੇ ਵੀ ਆਪਣੀ ਆਵਾਮ ਦੀ ਚਿੰਤਾ ਨਹੀਂ ਕਰਦਾ, ਸਗੋਂ ਉਸ ਦੀ ਇੱਕੋ-ਇੱਕ ਇੱਛਾ ਇਹ ਹੁੰਦੀ ਹੈ ਕਿ ਉਸ ਦਾ ਰਾਜ ਬੇਰੋਕ-ਟੋਕ ਚਲਦਾ ਰਹਿਣਾ ਚਾਹੀਦਾ ਹੈ। ਜਦੋਂ ਅਸੀਂ ਇਤਿਹਾਸ ਨੂੰ ਗਹੁ ਨਾਲ ਵਾਚਦੇ ਹਾਂ ਤਾਂ ਇਹ ਤੱਥ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਹਾਕਮ ਕਰਦਾ ਤਾਂ ਲੋਕਾਂ ਦੀ ਲੁੱਟ ਹੈ, ਪਰ ਝੂਠ ਦਾ ਬਿਰਤਾਂਤ ਸਿਰਜਦਾ ਹੋਇਆ ਦਿਖਾਵਾ ਲੋਕ ਭਲਾਈ ਦਾ ਕਰ ਰਿਹਾ ਹੁੰਦਾ ਹੈ। ਅਸਲ ਵਿੱਚ ਹਾਕਮ ਦੇ ਦਿਲ ਵਿੱਚ ਲੋਕ ਭਲਾਈ ਵਾਲਾ ਦਿਲ ਨਹੀਂ ਹੁੰਦਾ। ਅਜੋਕੀ ਹਾਕਮ ਧਿਰ ਨੂੰ ਨਵਤੇਜ ਇਹ ਸਵਾਲ ਵੀ ਕਰਦਾ ਹੈ ਅਤੇ ਆਪਣੇ ਵੱਲੋਂ ਆਮ ਬੰਦੇ ਨੂੰ ਚੇਤਨ ਕਰਨ ਦਾ ਯਤਨ ਵੀ ਕਰਦਾ ਹੈ :

"ਭਰਾਵਾ! ਤੇਰਾ ਕਿਹਾ ਠੀਕ ਹੀ ਹੈ
ਰਾਜੇ ਦੇ ਸੀਨੇ 'ਚ ਦਿਲ ਨਹੀਂ ਹੁੰਦਾ
ਭਾਵੇਂ ਹੋਵੇ ਸੀਨਾ ਸਤਵੰਜਾ ਇੰਚ ਦਾ।"

ਇੱਕ ਹੋਰ ਥਾਂ ਨਵਤੇਜ ਲਿਖਦਾ ਹੈ ਕਿ ਇਹ ਰਾਜਾ ਕੈਸੇ ਦਿਨ ਦਿਖਾ ਰਿਹਾ ਹੈ। ਇਸ ਸਾਰੇ ਕਾਵਿ ਬਿਰਤਾਂਤ ਵਿੱਚ ਉਹ ਤੱਥ ਇਹ ਉਭਾਰਨ ਦਾ ਯਤਨ ਕਰਦਾ ਹੈ ਕਿ ਹਰ ਯੁੱਗ ਦੇ 'ਰਾਜੇ' ਦੀ ਇਹੀ ਫਿਤਰਤ ਹੁੰਦੀ ਹੈ :

ਗਾਂ, ਸੂਰ ਦਾ ਭੇੜ ਕਰਾ ਰਿਹਾ ਹੈ
ਇਹ ਰਾਜਾ ਕੈਸੇ ਦਿਨ ਦਿਖਾ ਰਿਹਾ ਹੈ

ਅਖੌਤੀ ਲੋਕਤੰਤਰ ਵਾਲੇ ਇਸ ਮੁਲਕ ਵਿੱਚ ਲੋਕਾਂ ਨੇ ਵਾਰੋ-ਵਾਰੀ ਸਾਰੇ ਰੰਗਾਂ-ਰੂਪਾਂ ਵਾਲੀਆਂ ਰਾਜਨੀਤਕ ਧਿਰਾਂ ਨੂੰ ਗੱਦੀ ਨਸ਼ੀਨ ਕਰਕੇ ਦੇਖ ਲਿਆ ਹੈ। ਧਰਮ ਆਧਾਰਤ ਰਾਜਨੀਤਕ ਪਾਰਟੀਆਂ ਦੇ ਚੋਣ ਨਿਸ਼ਾਨ ਧਰਮ ਆਧਾਰਤ ਹੀ ਹਨ, ਪਰ ਉਨ੍ਹਾਂ ਦੀ ਰਾਜਨੀਤੀ ਉਸੇ ਹੀ ਧਰਮ ਦੇ ਉਪਦੇਸ਼ ਜਾਂ ਫਲਸਫ਼ੇ ਦੇ ਬਿਲਕੁਲ ਉਲਟ ਹੁੰਦੀ ਹੈ। ਪੰਜਾਬ ਵਿੱਚ ਹਾਕਮਾਂ ਦੀ ਇੱਕ ਧਿਰ ਇਹ ਕਹਿ ਕੇ ਹੀ ਲੋਕਾਂ ਨੂੰ ਲੁੱਟਣ ਤੇ ਕੁੱਟਣ ਦਾ ਕੰਮ ਕਰਦੀ ਰਹੀ ਕਿ ਸਾਡਾ ਰਾਜ ਤਾਂ ਸੇਵਾ ਹੈ, ਪਰ ਅਸਲ ਵਿੱਚ ਉਹ ਸੇਵਾ ਲੋਕਾਂ ਦੀ ਨਾ ਹੋ ਕੇ ਆਪਣੇ ਆਪ, ਪਰਵਾਰ, ਰਿਸ਼ਤੇਦਾਰ ਅਤੇ ਹੋਰ ਨੇੜਲੂਆਂ ਦੀ ਹੀ ਹੁੰਦੀ ਰਹੀ। ਸੱਤਾ ਤੋਂ ਬਾਹਰ ਬੈਠੀ ਧਿਰ ਹੁਣ ਕਈ ਕੁਝ ਸੋਚ-ਵਿਚਾਰ ਰਹੀ ਹੋਵੇਗੀ। 'ਮੇਰਾ ਰੱਬ' ਇਸ ਦੀ ਉਦਾਹਰਣ ਵਜੋਂ ਦੇਖੀ ਜਾ ਸਕਦੀ ਹੈ।

ਮੁਲਕ ਦੀ ਵੰਡ ਨਾਲ ਜੁੜੇ ਦੁਖਾਂਤ ਦਾ ਦਰਦ ਅਤੇ ਸਾਂਝਾ ਦਾ ਸੱਭਿਆਚਾਰ ਮੁੜ ਉਸਾਰਨ ਦੀ ਤਾਂਘ ਲਹਿੰਦੇ/ਚੜ੍ਹਦੇ ਪੰਜਾਬੀਆਂ ਦੀ ਰੀਝ ਰਹੀ ਹੈ ਤੇ ਅੱਜ ਵੀ ਹੈ। 'ਟਿੱਕੇ ਦਾ ਫੋਨ' ਕਰੋੜਾਂ ਪੰਜਾਬੀਆਂ ਦੇ ਦਿਲਾਂ ਦੀ ਖਾਹਿਸ਼ ਹੈ। 'ਟਿੱਕਾ' ਉੱਥੇ ਅਜਿਹਾ ਸੰਸਾਰ ਉਸਾਰਨਾ ਲੋਚਦਾ ਹੈ ਅਤੇ ਉਸਾਰਦਾ ਵੀ ਨਜ਼ਰ ਆਉਂਦਾ ਹੈ, ਜੋ ਗੁਰੂ ਰਵਿਦਾਸ ਦੇ 'ਬੇਗ਼ਮਪੁਰੇ' ਨਾਲ ਮਿਲਦਾ-ਜੁਲਦਾ ਹੈ :

ਏਥੇ ਨਾ ਧਰਮ ਖਹਿੰਦਾ ਹੈ
ਨਾ ਜਾਤ ਖਹਿੰਦੀ ਹੈ
ਇੱਕ ਦੂਜੇ ਦੀ ਭਾਸ਼ਾ ਵੀ
ਕਿਸੇ ਦੇ ਗਲ ਨਾ ਪੈਂਦੀ ਹੈ

ਅਜਿਹੇ ਮੁਆਸ਼ਰੇ ਦੀ ਉਸਾਰੀ ਲਈ ਇਸ ਕਾਵਿ ਸੰਗ੍ਰਹਿ ਦੀ ਹਰ ਕਵਿਤਾ ਦਾ ਕਾਵਿ-ਨਾਇਕ ਯਤਨਸ਼ੀਲ ਹੈ। ਨਵਤੇਜ ਦਾ ਮਾਨਵ ਹਿਤੈਸ਼ੀ ਇਹ ਪੈਂਤੜਾ ਉਸ ਨੂੰ ਮਾਨਵਵਾਦੀ ਕਾਵਿ ਦੀ ਅਗਲੀ ਕਤਾਰ ਵਿੱਚ ਲੈ ਜਾਂਦਾ ਹੈ।

ਕੋਰੋਨਾ ਕਾਲ ਵਿੱਚ ਹਕੂਮਤਾਂ ਦੇ ਮਾਰੇ ਦਮਗਜੇ ਦੀ ਪੋਲ ਬਹੁਤ ਹੀ ਜਲਦੀ ਖੁੱਲ੍ਹ ਜਾਂਦੀ ਹੈ। ਰੋਗ ਤੇ ਰਾਜਾ, ਦੇਸ਼ ਭਗਤ, ਸ਼ਾਨਦਾਰ ਸ਼ਹਿਰ ਵਰਗੀਆਂ ਕਵਿਤਾਵਾਂ ਇਸ ਬਿਰਤਾਂਤ ਨੂੰ ਅੱਗੇ ਤੋਰਦੀਆਂ ਹਨ।

ਨਾ ਕੋਈ ਸਰਕਾਰੋਂ ਬਹੁੜਿਆ
ਨਾ ਕੋਈ ਦਰਬਾਰੋਂ ਬਹੁੜਿਆ

ਦੇ ਬਿਰਤਾਂਤ ਨੂੰ ਨਵਤੇਜ ਬਹੁਤ ਹੀ ਖੂਬਸੂਰਤ ਅਤੇ ਭਾਵ ਪੂਰਤ ਢੰਗ ਨਾਲ ਕਾਵਿਕ ਮੁਹਾਵਰੇ ਵਿੱਚ ਢਾਲਦਾ ਹੈ।

ਕਵਿਤਾ ਦੇ ਵਿਭਿੰਨ ਰੂਪਾਂ ਵਿੱਚ ਸ਼ਬਦ, ਸ਼ਲੋਕ, ਟੱਪੇ ਆਦਿ ਨਾਂਅ ਨਾਲ ਜਾਣਿਆ ਜਾਂਦਾ ਇਹ ਲਘੂ ਰੂਪ ਪੰਜਾਬੀ ਕਵਿਤਾ ਦਾ ਹਮੇਸ਼ਾ ਹਿੱਸਾ ਰਿਹਾ ਹੈ। ਇਸ ਕਾਵਿ ਰੂਪ ਵਿੱਚ ਕਵੀ ਬਹੁਤ ਹੀ ਭਾਵਪੂਰਤ ਅਤੇ ਸਟੀਕ ਰੂਪ ਵਿੱਚ ਆਪਣੀ ਗੱਲ ਕਹਿ ਸਕਦਾ ਹੈ। ਨਵਤੇਜ ਨੇ ਵੀ ਆਪਣੇ ਇਸ ਕਾਵਿ ਸੰਗ੍ਰਹਿ ਵਿੱਚ 'ਟੱਪੇ' ਸਿਰਲੇਖ ਹੇਠ ਬਾ-ਕਮਾਲ ਢੰਗ ਨਾਲ ਸਮਕਾਲੀ ਮਸਲਿਆਂ ਦੀ ਨਿਸ਼ਾਨਦੇਹੀ ਕੀਤੀ ਹੈ :

ਕਿੱਥੇ ਉੱਡ ਗਏ ਪਾਣੀ ਵੇ
ਪੁੱਤ ਦਰਿਆਵਾਂ ਦੇ
ਸਾਡੀ ਖੁਸ਼ਕ ਕਹਾਣੀ ਵੇ

-0-

ਰਾਵੀ ਰੋ ਰੋ ਹਾਰੀ ਏ
ਕੁੱਬੇ ਹੋਏ ਪੰਜਾਬ ਦੇ ਸਿਰ
ਪੰਡ ਕਰਜ਼ੇ ਦੀ ਭਾਰੀ ਏ

-0-

ਨਵਤੇਜ ਭਾਰਤੀ ਸਮਾਜ ਵਿਚਲੀ ਸਨਾਤਨੀ ਪਰੰਪਰਾ ਦੀਆਂ ਬੁਰਾਈਆਂ ਜੋ ਭਿੱਟ, ਜਾਤੀ ਨਫ਼ਰਤ ਆਦਿ ਰੂਪਾਂ ਵਿੱਚ ਸਦੀਆਂ ਤੋਂ ਚਲਦੀ ਆ ਰਹੀ ਹੈ, ਬਾਰੇ ਵੀ ਗੱਲ ਕਰਦਾ ਹੈ। 'ਮਟਕੇ ਦਾ ਪਾਣੀ', 'ਮੁਰਦੇ ਦਾ ਦੁਖਾਂਤ' ਵਰਗੀਆਂ ਕਵਿਤਾਵਾਂ ਪਾਠਕ ਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਕੀ ਅਸੀਂ ਸੱਚਮੁੱਚ ਹੀ ਇੱਕ ਵਿਕਸਤ ਦੇਸ਼ ਦੇ ਵਾਸੀ ਹਾਂ।

ਲੋਕਤੰਤਰ ਵਿਚਲੇ ਲੁੱਟਤੰਤਰ ਨੂੰ ਜਾਰੀ ਰੱਖਦੀ ਹੋਈ ਹਾਕਮ ਧਿਰ ਆਪਣੇ ਪੂਰੇ ਤਾਣ ਨਾਲ ਲੋਕਾਈ ਨੂੰ ਗੁੰਮਰਾਹ ਕਰਨ ਵਿੱਚ ਲੱਗੀ ਹੋਈ ਹੈ। ਹਾਕਮਾਂ ਦੀ ਬੀਨ ਦਾ ਵਿਰੋਧ ਕਰਦੀਆਂ ਧਿਰਾਂ ਕੋਲ ਬਾਬੇ ਨਾਨਕ ਦਾ ਸਾਂਝ ਵਾਲਾ ਪੈਗ਼ਾਮ ਹੈ, ਜੋ ਸੰਘਰਸ਼ੀ ਧਿਰਾਂ ਦੀ ਢਾਰਸ ਬਣਦਾ ਹੈ। ਨਵਤੇਜ ਇਸ ਤੱਥ ਨੂੰ ਸਮਝਦਾ ਵੀ ਹੈ ਅਤੇ ਉਭਾਰਦਾ ਵੀ ਹੈ। ਸੰਘਰਸ਼ ਕਰਦੀਆਂ ਧਿਰਾਂ ਵੱਲੋਂ ਲੜੀ ਜਾ ਰਹੀ ਲੜਾਈ ਵਿੱਚ ਉਨ੍ਹਾਂ ਦੀ ਜਿੱਤ ਪ੍ਰਤੀ ਆਸਵੰਦ ਵੀ ਹੈ :

ਅਸੀਂ ਜਿੱਤਾਂਗੇ
ਸਾਨੂੰ ਪਤਾ ਮੁੱਢ ਅਖੀਰ ਦਾ ਹੈ
ਅਸਾਂ ਨੂੰ ਥਾਪੜਾ
ਕਰਤਾਰਪੁਰ ਮੁੱਢ ਵਗਦੇ ਰਾਵੀ ਦੇ ਨੀਰ ਦਾ ਹੈ।

ਜਦੋਂ ਦਾ ਦੇਸ਼ ਦੇ ਹਾਕਮਾਂ ਨੇ ਸਮਾਜਿਕ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਦੇ ਫਲਸਫ਼ੇ ਨੂੰ ਤਿਆਗਦੇ ਹੋਏ ਧਰਮ ਨੂੰ ਸਿਆਸਤ ਵਿੱਚ ਲਿਆ ਘੁਸੇੜਿਆ ਹੈ, ਉਦੋਂ ਤੋਂ ਹੀ ਸਾਰੀਆਂ ਹਾਕਮ ਧਿਰਾਂ ਆਪੋ-ਆਪਣੀ ਬੰਸਰੀ ਵਜਾ ਰਹੀਆਂ ਹਨ। ਆਪਣੇ ਲੋਕਾਂ ਵੱਲ ਪਿੱਠ ਕਰੀ ਖੜੀਆਂ ਇਹ ਹਾਕਮ ਧਿਰਾਂ ਦੇ ਇਸ ਦੰਭ ਨੂੰ ਕਾਵਿ-ਮਈ ਬੋਲਾਂ ਰਾਹੀਂ ਉਜਾਗਰ ਕਰਨ ਦੀ ਰਵਾਇਤ ਨੂੰ ਨਵਤੇਜ ਇਸ ਕਵਿਤਾ ਵਿੱਚ ਅੱਗੇ ਤੋਰਦਾ ਹੈ। ਇਸ ਸਾਰੀ ਕਵਿਤਾ ਵਿੱਚ ਰਾਜਸੀ ਚੇਤਨਾ ਦੀ ਸੁਰ ਅਹਿਮ ਹੈ। ਰਾਜਸੀ ਚੇਤਨਾ ਦੀ ਧੁਨੀ ਸਿਰਜਦੀ ਇਸ ਕਵਿਤਾ ਨੂੰ ਜੀ ਆਇਆਂ।

ਸੰਪਰਕ : 98721-73475

ਜਸਵਿੰਦਰ ਸਿੰਘ ਦੇ ਛਪ ਰਹੇ ਨਵੇਂ ਨਾਵਲ 'ਸੁਰਖ਼ ਸਾਜ਼' ਦਾ ਇਕ ਕਾਂਡ

ਕਾਂਡ 43

ਹਰੀ ਦੀ ਕਾਰ ਵਾਲੀ ਰਾਹ ਦਸੇਰੂ ਬੀਬੀ ਗੱਡੀ ਫਰੀ ਵੇਅ ਚੜ੍ਹਾਅ, 'ਵੰਨ ਆਰ ਫਿਫਟੀ ਮਿੰਟ ਡਰਾਈਵ' ਬੋਲ, ਚੁੱਪ ਹੋ ਗਈ। ਹਰੀ ਮਨਾਂ ਦੇ ਬਦਲੇ ਮੌਸਮ ਖ਼ਿਆਲ ਕਰ, ਜਸ਼ਨ

21-Jan-Sunday.qxd 1/20/2024 10:49 PM Page 6

ਪੰਜਾਬੀ ਸਾਹਿਤ ਸਭਾ ਵੱਲੋਂ 'ਸਮੇਂ ਦੇ ਨੈਣਾਂ 'ਚੋਂ' 'ਤੇ ਵਿਚਾਰ-ਚਰਚਾ

ਪਟਿਆਲਾ-ਬੀਤੇ ਦਿਨੀਂ ਸੰਨ 1957 ਤੋਂ ਹੋਂਦ ਵਿਚ ਆਈ ਪਟਿਆਲਾ ਦੀ ਸਭ ਤੋਂ ਪੁਰਾਣੀ ਸਾਹਿਤ ਸਭਾ, ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਇਕ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਚੰਡੀਗੜ੍ਹ ਅਤੇ ਹਰਿਆਣਾ ਤੋਂ ਚੋਟੀ ਦੇ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸੀਨੀਅਰ ਮੀਤ ਪ੍ਰਧਾਨ ਅਤੇ ਰੋਜ਼ਾਨਾ ਨਵਾਂ ਜ਼ਮਾਨਾ ਦੇ ਸਾਹਿਤਕ ਸੰਪਾਦਕ ਡਾ. ਹਰਜਿੰਦਰ ਸਿੰਘ ਅਟਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਸ੍ਰੀਮਤੀ ਹਰਪ੍ਰੀਤ ਕੌਰ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਡਾ. ਜੋਗਿੰਦਰ ਸਿੰਘ ਨਿਰਾਲਾ, ਉੱਘੇ ਕਵੀ ਤ੍ਰੈਲੋਚਨ ਲੋਚੀ (ਲੁਧਿਆਣਾ) ਅਤੇ ਕਹਾਣੀਕਾਰ ਜਸਵੀਰ ਸਿੰਘ ਰਾਣਾ ਸ਼ਾਮਲ ਹੋਏ। ਇਸ ਸਮਾਗਮ ਵਿਚ ਕਵਿੱਤਰੀ ਵਿਜੇਤਾ ਭਾਰਦਵਾਜ ਰਚਿਤ ਕਾਵਿ ਸੰਗ੍ਰਹਿ 'ਸਮੇਂ ਦੇ ਨੈਣਾਂ 'ਚੋਂ' ਦਾ ਲੋਕ ਅਰਪਣ ਕੀਤਾ ਗਿਆ।

ਸਮਾਗਮ ਦੇ ਆਰੰਭ ਵਿਚ ਸਭ ਤੋਂ ਪਹਿਲਾਂ ਪੁੱਜੇ ਮਹਿਮਾਨਾਂ ਨੂੰ ਬੁੱਕੇ ਭੇਟ ਕੀਤੇ ਗਏ ਅਤੇ ਹਾਰਾਂ ਨਾਲ ਸੁਆਗਤ ਕੀਤਾ ਗਿਆ। ਉਪਰੰਤ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਨਵੇਂ ਸਾਲ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਪੰਜਾਬੀ ਸਾਹਿਤ ਨੂੰ ਵਰਤਮਾਨ ਦੌਰ ਤੱਕ ਕਾਮਯਾਬੀ ਨਾਲ ਵਿਸ਼ਵ ਭਰ ਵਿਚ ਫੈਲਾਉਣ ਲਈ ਨਵੀਂ ਅਤੇ ਪੁਰਾਣੀ ਪੀੜ੍ਹੀ ਦੀ ਅਹਿਮ ਭੂਮਿਕਾ ਹੈ ਅਤੇ ਇਹ ਹਰ ਚੁਣੌਤੀ ਦਾ ਡਟ ਕੇ ਸਾਹਮਣਾ ਕਰਨ ਦੇ ਸਮਰੱਥ ਹੈ।

ਜਲੰਧਰ ਤੋਂ ਉਚੇਚੇ ਤੌਰ 'ਤੇ ਪੁੱਜੇ ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਵਰਤਮਾਨ ਨਾਰੀ ਕਲਮਕਾਰ ਬੜੇ ਖ਼ੂਬਸੂਰਤ ਅੰਦਾਜ਼ ਵਿਚ ਦਲੇਰਾਨਾ ਅਤੇ ਤਾਰਕਿਕ ਢੰਗ ਨਾਲ ਬਹੁਪੱਖੀ ਮਸਲਿਆਂ ਨੂੰ ਸਮਾਜ ਅੱਗੇ ਰੱਖ ਕੇ ਸੁਆਲ ਪੈਦਾ ਕਰ ਰਹੀ ਹੈ। ਉਹਨਾਂ ਕਿਹਾ ਕਿ ਲੇਖਣੀ ਵਿਚ ਪ੍ਰਤੀਬੱਧਤਾ, ਲਗਨ ਅਤੇ ਸਿਰੜ ਦਾ ਹੋਣਾ ਨਿਹਾਇਤ ਜ਼ਰੂਰੀ ਹੈ ਤਾਂ ਹੀ ਕੋਈ ਲਿਖਤ ਪਾਠਕਾਂ ਦੇ ਹਿਰਦਿਆਂ 'ਤੇ ਸਦੀਵੀ ਛਾਪ ਛੱਡਣ ਦੇ ਸਮਰੱਥ ਹੋ ਸਕਦੀ ਹੈ। ਡਾਇਰੈਕਟਰ ਸ੍ਰੀਮਤੀ ਹਰਪ੍ਰੀਤ ਕੌਰ ਨੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੀ ਸਮੁੱਚੀ ਟੀਮ ਨੂੰ ਮੁਬਾਰਕਵਾਦ ਦਿੰਦਿਆਂ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਸ਼ਾ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਵਰਗੀਆਂ ਹੋਰ ਸਾਹਿਤ ਸਭਾਵਾਂ ਮਾਂ ਬੋਲੀ ਦੇ ਵਿਕਾਸ ਲਈ ਵਡਮੁੱਲਾ ਕਾਰਜ ਕਰ ਰਹੇ ਹਨ। ਪੁਸਤਕ ਉਪਰ ਮੁੱਖ ਪੇਪਰ ਪੜ੍ਹਦਿਆਂ ਕਹਾਣੀਕਾਰ ਜਸਵੀਰ ਸਿੰਘ ਰਾਣਾ (ਅਮਰਗੜ੍ਹ) ਨੇ ਕਿਹਾ ਕਿ ਵਿਜੇਤਾ ਭਾਰਦਵਾਜ ਦੀ ਸ਼ਾਇਰੀ ਵਿਚ ਬੋਲਡਨੈਸ ਹੈ ਅਤੇ ਉਹ ਗ਼ਲਤ ਕਦਰਾਂ-ਕੀਮਤਾਂ ਨਾਲ ਸਮਝੌਤਾ ਕਰਨ ਦੀ ਥਾਂ ਵਿਰੋਧੀ ਪ੍ਰਸਥਿਤੀਆਂ ਨਾਲ ਟੱਕਰ ਲੈਣ ਦੀ ਜੁਰਅਤ ਰੱਖਦੀ ਹੈ। ਇਸ ਪੁਸਤਕ ਵਿਚਲੀਆਂ ਨਜ਼ਮਾਂ ਗ਼ਲਤ ਨਿਜ਼ਾਮ ਵਿਰੁੱਧ ਬਗ਼ਾਵਤ ਕਰਦੀਆਂ ਹਨ। ਕਿਸੇ ਕਲਮਕਾਰ ਦੀ ਅਜਿਹੀ ਵਿਚਾਰਧਾਰਾ ਉਸ ਦਾ ਹਾਸਲ ਹੁੰਦੀ ਹੈ। ਡਾ. ਜੋਗਿੰਦਰ ਸਿੰਘ ਨਿਰਾਲਾ ਦਾ ਮੱਤ ਸੀ ਕਿ ਪੰਜਾਬ ਦੀਆਂ ਜਿਹੜੀਆਂ ਸਾਹਿਤ ਸਭਾਵਾਂ ਮਾਨਵੀ ਚੇਤਨਾ ਜਗਾਉਣ ਲਈ ਨਿਰੰਤਰ ਹੋਕਾ ਦੇ ਰਹੀਆਂ ਹਨ, ਉਹਨਾਂ ਵਿਚ ਪੰਜਾਬੀ ਸਾਹਿਤ ਸਭਾ ਪਟਿਆਲਾ ਦੀ ਭੂਮਿਕਾ ਜ਼ਿਕਰਯੋਗ ਹੈ।

ਸਮਾਗਮ ਦੇ ਦੂਜੇ ਦੌਰ ਵਿਚ ਅਵਤਾਰਜੀਤ, ਧਰਮਿੰਦਰ ਸ਼ਾਹਿਦ ਖੰਨਾ, ਜੱਗਾ ਰੰਗੂਵਾਲ, ਖ਼ੁਸ਼ਪ੍ਰੀਤ ਸਿੰਘ ਹਰੀਗੜ੍ਹ, ਅਮਨਜੋਤ ਧਾਲੀਵਾਲ, ਅਮਰ ਗਰਗ ਕਲਮਦਾਨ, ਕਿਰਨ ਸਿੰਗਲਾ, ਅੰਮ੍ਰਿਤਪਾਲ ਸਿੰਘ ਕੌਛੀ, ਗੁਰਦਰਸ਼ਨ ਸਿੰਘ ਗੁਸੀਲ, ਕੈਪਟਨ ਚਮਕੌਰ ਸਿੰਘ ਚਹਿਲ, ਬਲਦੇਵ ਸਿੰਘ ਬਿੰਦਰਾ, ਬਲਬੀਰ ਸਿੰਘ ਦਿਲਦਾਰ, ਤ੍ਰਿਪਤ ਸਿੰਘ ਢਿੱਲੋਂ, ਨਵਦੀਪ ਸਿੰਘ ਮੁੰਡੀ, ਭੁਪਿੰਦਰ ਉਪਰਾਮ, ਗੋਪਾਲ ਸ਼ਰਮਾ ਸਮਾਣਾ ਆਦਿ ਨੇ ਲਿਖਤਾਂ ਪੜ੍ਹੀਆਂ।

ਇਸ ਸਮਾਗਮ ਵਿਚ ਡਾ. ਹਰਨੇਕ ਸਿੰਘ ਢੋਟ, ਸੰਤੋਖ ਸਿੰਘ ਧੀਰ ਦਾ ਦੋਹਤਰਾ ਰਵਿੰਦਰ ਸਿੰਘ ਪੰਨੂੰ (ਰਵੀ ਪੰਨੂੰ), ਕਹਾਣੀਕਾਰ ਬਾਬੂ ਸਿੰਘ ਰੈਹਲ, ਡਾ. ਹਰਪ੍ਰੀਤ ਸਿੰਘ ਰਾਣਾ, ਪਵਿੱਤਰ ਕੁਮਾਰ, ਸ਼ਰਨਦੀਪ ਕੌਰ, ਬਲਜੀਤ ਸਿੰਘ ਮੂਰਤੀਕਾਰ, ਆਸ਼ਾ ਸ਼ਰਮਾ, ਐੱਸ.ਐੱਨ. ਚੌਧਰੀ, ਕੁਲਵਿੰਦਰ ਕੁਮਾਰ ਬਹਾਦਰਗੜ੍ਹ, ਪ੍ਰੀਤ ਕੌਰ ਪ੍ਰੀਤੀ, ਜਗਜੀਤ ਸਿੰਘ ਸਾਹਨੀ, ਵੀਰਦਵਿੰਦਰ ਘੰਗਰੋਲੀ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਰਵੀ ਜੋਗਾ ਸਿੰਘ ਧਨੌਲਾ, ਹਰਵਿੰਦਰ ਸਿੰਘ ਗੁਲਾਮ, ਰਾਜੇਸ਼ ਕੋਟੀਆ, ਰਾਜੇਸ਼ਵਰ ਕੁਮਾਰ, ਜੋਗਿੰਦਰ ਸਿੰਘ ਗਿੱਲ, ਗੁਰਿੰਦਰ ਸਿੰਘ ਸੇਠੀ, ਗੀਤਿਕਾ, ਸੁਰਿੰਦਰ ਬੇਦੀ ਵਿਪਨ, ਸ਼ਹਿਨਾਜ਼ ਆਦਿ ਹਾਜ਼ਰ ਸਨ। ਅੰਤ ਵਿਚ ਸਭਾ ਵੱਲੋਂ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਸਭਾ ਦੀ ਜਨਰਲ ਸਕੱਤਰ ਵਿਜੇਤਾ ਭਾਰਦਵਾਜ ਨੇ ਪੁੱਜੇ ਲੇਖਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਵਾਨਾਂ ਦੇ ਵਿਚਾਰਾਂ ਨਾਲ ਉਸ ਨੂੰ ਹੋਰ ਮਿਆਰੀ ਲੇਖਣੀ ਲਿਖਣ ਲਈ ਵਡਮੁੱਲੇ ਸੁਝਾਅ ਮਿਲੇ ਹਨ। ਮੰਚ ਸੰਚਾਲਨ ਦਵਿੰਦਰ ਪਟਿਆਲਵੀ ਨੇ ਸੁਚੱਜੇ ਢੰਗ ਨਾਲ ਨਿਭਾਇਆ।

—ਦਵਿੰਦਰ ਪਟਿਆਲਵੀ

ਸਾਹਿਤ ਚਿੰਤਨ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ

ਚੰਡੀਗੜ੍ਹ : ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਪ੍ਰੋ. ਨਿਰਮਲਜੀਤ ਵੱਲੋਂ ਅਨੁਵਾਦਿਤ ਨਵੀਂ ਕਿਤਾਬ 'ਚਾਰੂ ਮੂਮਦਾਰ ਦੀਆਂ ਲਿਖਤਾਂ' ਬਾਰੇ ਸੰਖੇਪ ਚਰਚਾ ਕਰਦਿਆਂ ਬੂਟਾ ਸਿੰਘ

ਮਹਿਮੂਦਪੁਰ ਨੇ ਕਿਹਾ ਕਿ ਅੱਜ ਤੋਂ ਪੰਜ ਦਹਾਕੇ ਪਹਿਲਾਂ ਭਾਰਤ ਵਿਚ ਨਕਸਲੀ ਅੰਦੋਲਨ ਉਠਿਆ ਤੇ ਸੱਤਾ ਵੱਲੋਂ ਕੁਚਲ ਦਿੱਤਾ ਗਿਆ। ਇਸ ਵਿੱਚ ਕਈ ਵਖਰੇਵੇਂ ਤੇ ਏਕੀਕਰਨ ਹੋਇਆ। ਇਸ ਨੇ ਵੱਡੇ ਪੱਧਰ 'ਤੇ ਆਦਿਵਾਸੀਆਂ ਨੂੰ ਪ੍ਰਭਾਵਿਤ ਕੀਤਾ। ਵਿਅਕਤੀਗਤ ਸਾਏ ਦੇ ਸਿਧਾਂਤ ਨੇ ਲਹਿਰ ਦਾ ਨੁਕਸਾਨ ਵੀ ਕੀਤਾ। ਨਕਸਲੀ ਧਿਰਾਂ ਨੇ ਪਾਰਲੀਮਾਨੀ ਰਾਹ ਨੂੰ ਸੋਧਵਾਦੀ ਕਿਹਾ। ਉਨ੍ਹਾਂ ਸਾਂਝੇ ਮੋਰਚੇ ਤੇ ਜਨਤਕ ਜੱਥੇਬੰਦੀਆਂ ਉਸਾਰਨ ਤੋਂ ਕਿਨਾਰਾ ਕੀਤਾ। ਕਮਿਊਨਿਸਟ ਧਿਰਾਂ ਅਨੁਸਾਰ ਭਾਰਤ ਅਰਧ ਬਸਤੀਵਾਦੀ, ਅਰਧ ਜਗੀਰੂ ਤੇ ਬਹੁਕੌਮੀ ਦੇ ਹੈ। ਨਕਸਲੀ ਲਹਿਰ ਨੇ ਚੀਨ ਦੇ ਮਾਡਲ 'ਤੇ ਮਾਉਵਾਦ ਨੂੰ ਆਪਣਾ ਆਦਰਸ਼ ਮੰਨਿਆ। ਉਨ੍ਹਾਂ ਅਨੁਸਾਰ ਛਾਪਾਮਾਰ ਯੁੱਧ ਲਈ ਜਨਤਕ ਲਾਮਬੰਦੀ ਲਾਜ਼ਮੀ ਨਹੀਂ ਹੈ। ਉਨ੍ਹਾਂ ਜਮੀਨ ਜ਼ਬਤੀ ਤੇ ਇਸਦੀ ਸਾਵੀਂ ਵੰਡ ਉਤੇ ਟੇਕ ਰੱਖੀ। ਜ਼ਮੀਨ ਹਲਵਾਹਕ ਦੀ ਦਾ ਨਾਅਰਾ ਦਿੱਤਾ। ਜਾਤੀ ਵਿਵਸਥਾ ਨੂੰ ਅਣਗੌਲਾ ਕੀਤਾ ਗਿਆ। ਕੌਮਾਂ ਦੇ ਸਵੈ ਨਿਰਨੇ ਦੇ ਅਧਿਕਾਰ ਦੀ ਮੰਗ ਕੀਤੀ ਗਈ। ਕਈਆਂ ਨੇ ਸ਼ਾਂਤਮਈ ਸਹਿਹੋਂਦ ਦੀ ਗੱਲ ਤੋਰੀ। ਸਮਾਜਕ ਤਬਦੀਲੀ ਵਿੱਚ ਪੂੰਜੀ ਦੀ ਅਹਿਮ ਭੂਮਿਕਾ ਹੁੰਦੀ ਹੈ। ਹੁਣ ਘੋਲਾਂ ਦਾ ਰੂਪ ਬਦਲ ਗਿਆ ਹੈ। ਕਿਸਾਨ ਅੰਦੋਲਨ ਜ਼ਮੀਨ ਮਾਲਕੀ ਬਚਾਉ ਅੰਦੋਲਨ ਹੈ। ਜਿਨਸਾਂ ਦੇ ਭਾਅ ਵਿੱਚ ਵਾਧਾ ਮੰਗਿਆ ਜਾ ਰਿਹਾ ਹੈ। ਕਿਸਾਨੀ ਅੰਦੋਲਨ ਇਨਕਲਾਬ ਉੱਤੇ ਫੋਕਸ ਨਹੀਂ ਹੋ ਸਕਿਆ। ਹੁਣ ਜ਼ਮੀਨਾਂ ਖਰੀਦ ਕੇ ਕਾਰਪੋਰੇਟ/ਦਲਾਲ ਵੱਡੇ ਪ੍ਰੋਜੈਕਟ ਲਾ ਰਹੇ ਹਨ। ਉਦਾਰੀਕਰਨ ਨੇ ਜਨਤਕ ਖੇਤਰ ਨੂੰ ਤਬਾਹ ਕਰ ਦਿੱਤਾ ਹੈ। ਨਕਸਲੀ ਲਹਿਰ ਜੰਗਲਾਂ ਤੋਂ ਸਨਅੱਤੀ ਹਿਰਾਂ ਵੱਲ ਨਹੀਂ ਜਾ ਸਕੀ। ਇਸ ਦਾ ਕੋਂਦਰ ਮਜ਼ਦੂਰ ਜਮਾਤ ਨਹੀਂ ਰਹੀ। ਲੋਕ ਜਮਹੂਰੀ ਇਨਕਲਾਬ ਸਹੀ ਰਾਹ ਹੈ।

ਬਦੀ ਨੇ ਕਿਹਾ ਕਿ ਭਾਰਤ ਬਹੁਕੌਮੀ ਦੇ ਹੈ। ਅੰਗਰੇਂ ਤੇ ਪਟੇਲ ਨੇ ਇਸਦਾ ਏਕੀਕਰਨ ਕੀਤਾ। ਕਿਸਾਨੀ ਜ਼ਮੀਨ ਮਾਲਕੀ ਲਈ ਲੜੀ, ਪਰ ਇਨਕਲਾਬ ਨਹੀਂ ਕਰ ਸਕਦੀ। ਕੋਈ ਵੀ ਕ੍ਰਾਂਤੀਕਾਰੀ ਹਿੰਸਕ ਨਹੀਂ ਹੁੰਦਾ। ਪ੍ਰਤੀਕਰਮ ਵਜੋਂ ਜਵਾਬੀ ਹਿੰਸਾ ਦੀ ਲੋੜ ਪੈਂਦੀ ਹੈ। ਇਤਿਹਾਸ ਤੋਂ ਸਬਕ ਸਿੱਖਣ ਦੀ ਲੋੜ ਹੈ। ਅਭੈ ਸਿੰਘ ਸੰਧੂ ਨੇ ਕਿਹਾ ਕਿ ਪਰੋਲੇਤਾਰੀਆਂ ਵਿੱਚ ਬੇਰੁਗਾਰ, ਮੰਗਤੇ, ਜੇਬ ਕਤਰੇ, ਚੋਰ ਤੇ ਵੇਸਵਾਵਾਂ ਵੀ ਹਨ। ਨੌਕਰੀ ਪੇਸ਼ਾ ਤਾਂ ਕਾਰਪੋਰੇਟਾਂ ਨਾਲ ਲੜ ਸਕਦਾ ਹੈ, ਪਰ ਸਭ ਤੋਂ ਲਿਤਾੜੇ ਲੋਕਾਂ ਦੇ ਜਲੂਸ ਨਾਲ ਪੈਦਾਵਾਰ "ਤੇ ਕੋਈ ਅਸਰ ਨਹੀਂ ਪੈਂਦਾ। ਬੂਟਾ ਸਿੰਘ ਨੇ ਬਹਿਸ ਦਾ ਉਤਰ ਦਿੰਦਿਆਂ ਕਿਹਾ ਕਿ ਸਰਮਾਏਦਾਰੀ ਦੀਆਂ ਵਿਰੋਧਤਾਈਆਂ ਨੂੰ ਸਮਝਦੇ ਹੋਏ ਪੈਂਤੜੇ ਲੈਣੇ ਪੈਣਗੇ। ਟਰੇਡ ਯੂਨੀਅਨਾਂ ਦੀਆਂ ਕਮਜੋਰੀਆਂ ਸਮਝਣੀਆਂ ਪੈਣਗੀਆਂ। ਵਿਰੋਧੀਆਂ ਤੋਂ ਵੀ ਸਿੱਖਣਾ ਪਵੇਗਾ। ਪਿੱਤਰਕੀ ਸੱਤਾ ਆਦਿਵਾਸੀਆਂ ਵਿੱਚ ਵੀ ਹੈ। ਅਨੁਵਾਦਕ ਪ੍ਰੋ. ਨਿਰਮਲਜੀਤ ਨੇ ਕਿਹਾ ਕਿ ਅਨੁਵਾਦ ਢੇਰ ਚਿਰ ਪਹਿਲਾਂ ਹੋ ਜਾਣਾ ਚਾਹੀਦਾ ਸੀ। ਇਹ ਮੀਟਿੰਗ ਫਲਸਤੀਆਂ ਦੇ ਜੀਵਨ ਸੰਘਰ ਨੂੰ ਸਮਰਪਿਤ ਸੀ।

- ਸਰਦਾਰਾ ਸਿੰਘ ਚੀਮਾ

ਸਾਹਿਤ-ਸਦਭਾਵਨਾ ਪੁਰਸਕਾਰ-2024 ਹਰਮੀਤ ਵਿਦਿਆਰਥੀ ਨੂੰ

ਜਲੰਧਰ : ਪੰਜਾਬੀ ਰਾਈਟਰਜ਼ ਕੋਅਪਰੇਟਿਵ ਸੁਸਾਇਟੀ ਲਿਮਟਿਡ ਵਲੋਂ ਹਰ ਸਾਲ ਦਿੱਤੇ ਜਾਣ ਵਾਲਾ ਸਾਹਿਤ-ਸਦਭਾਵਨਾ ਪੁਰਸਕਾਰ-2024 ਉੱਘੇ ਪੰਜਾਬੀ ਕਵੀ ਹਰਮੀਤ ਵਿਦਿਆਰਥੀ ਨੂੰ ਮਿਲੇਗਾ। ਇਸ ਵਿੱਚ ਇੱਕੀ ਹਜ਼ਾਰ ਰੁਪਏ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇਗਾ।ਇਹ ਐਲਾਨ ਅੱਜ ਜਲੰਧਰ ਵਿਖੇ ਸੋਸਾਇਟੀ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਸਿੰਘ ਸੁੰਨੜ ਅਤੇ ਸਕੱਤਰ ਡਾਕਟਰ ਹਰਜਿੰਦਰ ਸਿੰਘ ਅਟਵਾਲ ਨੇ ਕੀਤਾ।

ਉਨ੍ਹਾ ਕਿਹਾ ਕਿ ਹਰਮੀਤ ਵਿਦਿਆਰਥੀ ਜਿੱਥੇ ਇੱਕ ਵਧੀਆ ਸ਼ਾਇਰ ਹੈ, ਉਥੇ ਸਾਹਿਤ ਸਭਾਵਾਂ ਅਤੇ ਹੋਰ ਸਾਹਿਤਕ ਸੱਭਿਆਕਚਾਰਕ ਜਥੇਬੰਦੀਆਂ ਵਿੱਚ ਵੀ ਉਸ ਦੀ ਭੂਮਿਕਾ ਮਿਸਾਲੀ ਹੈ। ਇਸ ਲਈ ਇਸ ਵਰ੍ਹੇ ਦੇ ਇਸ ਸਨਮਾਨ ਲਈ ਉਸ ਦੀ ਚੋਣ ਕੀਤੀ ਗਈ। ਪੁਰਸਕਾਰ ਫ਼ਰਵਰੀ ਵਿੱਚ ਵਿੱਚ ਇਕ ਸਮਾਗਮ ਦੌਰਾਨ ਦਿੱਤਾ ਜਾਵੇਗਾ।

'ਸੂਹੀ ਸਵੇਰ ਮੀਡੀਆ ਪੁਰਸਕਾਰ' ਨੁਜ਼ਹਤ ਅੱਬਾਸ ਨੂੰ

ਚੰਡੀਗੜ੍ਹ-ਇਸ ਸਾਲ ਦਾ 'ਸੂਹੀ ਸਵੇਰ ਮੀਡੀਆ ਪੁਰਸਕਾਰ' ਵਿਦੇਸ਼ੀ ਧਰਤੀ 'ਤੇ ਪੰਜਾਬੀ ਜ਼ੁਬਾਨ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੀ ਲਹਿੰਦੇ ਪੰਜਾਬ ਦੀ ਜੰਮਪਲ ਤੇ ਇੰਗਲੈਂਡ ਵੱਸਦੀ ਪੰਜਾਬੀ ਸਾਹਿਤਕਾਰਾ ਨੁਜ਼ਹਤ ਅੱਬਾਸ ਨੂੰ ਦਿੱਤਾ ਜਾ ਰਿਹਾ ਹੈ। 'ਸੂਹੀ ਸਵੇਰ' ਦੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਮੁਤਾਬਕ ਅਦਾਰਾ ਹਰ ਸਾਲ ਆਪਣੀ ਵਰ੍ਹੇਗੰਢ ਮੌਕੇ ਲੋਕ-ਪੱਖੀ ਸੋਚ ਵਾਲੀਆਂ ਹਸਤੀਆਂ ਤੇ ਸੰਸਥਾਵਾਂ ਨੂੰ ਸਨਮਾਨਤ ਕਰਦਾ ਹੈ। ਇਸ ਵਾਰ ਇਹ ਸਨਮਾਨ ਨੁਜ਼ਹਤ ਅੱਬਾਸ ਨੂੰ ਦਿੱਤਾ ਜਾ ਰਿਹਾ ਹੈ। ਨੁਜ਼ਹਤ ਜਿੱਥੇ ਖ਼ੁਦ ਪੰਜਾਬੀ ਵਿਚ ਲਿਖ ਰਹੀ ਹੈ, ਉਥੇ ਇੰਗਲੈਂਡ ਵਿਚ ਪੰਜਾਬੀ ਔਰਤਾਂ ਤੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਜੋੜ ਰਹੀ ਹੈ। ਇਹਨਾਂ ਵਿੱਚ ਬਹੁਤੀਆਂ ਔਰਤਾਂ ਤੇ ਬੱਚਿਆਂ ਦਾ ਸੰਬੰਧ ਲਹਿੰਦੇ ਪੰਜਾਬ ਨਾਲ ਹੈ, ਜਿਨ੍ਹਾਂ ਨੂੰ ਪਾਕਿਸਤਾਨ ਵਿਚ ਆਪਣੀ ਮਾਦਰੀ ਜ਼ੁਬਾਨ ਨਾਲ ਜੁੜਨ ਦਾ ਮੌਕਾ ਨਹੀਂ ਮਿਲਿਆ। ਨੁਜ਼ਹਤ ਵਿਦੇਸ਼ੀ ਧਰਤੀ 'ਤੇ ਵਸਦੇ ਪੰਜਾਬੀਆਂ ਨੂੰ ਮਾਂ ਬੋਲੀ ਨਾਲ ਜੋੜਨ ਲਈ ਆਪਣੇ ਘਰ ਪੰਜਾਬੀ 'ਸੰਗਤ' ਕਰਦੀ ਹੈ, ਆਨਲਾਈਨ ਸੰਵਾਦ ਰਚਾਉਂਦੀ ਹੈ। ਉਸ ਨੇ ਬੱਚਿਆਂ ਲਈ ਆਪਣੀ ਮਿੱਠੀ ਆਵਾਜ਼ ਵਿਚ ਲੋਰੀਆਂ ਦੀ ਸੀ. ਡੀਜ਼ ਵੀ ਤਿਆਰ ਕੀਤੀਆਂ ਹਨ। ਅਗਾਂਹਵਧੂ ਵਿਚਾਰਾਂ ਵਾਲੀ ਨੁਜ਼ਹਤ ਨਜਮ ਹੁਸੈਨ ਸੱਯਦ ਹੁਰਾਂ ਦੀ 'ਸੰਗਤ' ਨਾਲ ਵੀ ਜੁੜੀ ਹੋਈ ਹੈ। ਸ਼ਿਵ ਇੰਦਰ ਨੇ ਦੱਸਿਆ ਕਿ ਇਹ ਪੁਰਸਕਾਰ 'ਸੂਹੀ ਸਵੇਰ' ਦੇ 11 ਫਰਵਰੀ ਦੇ ਸਾਲਾਨਾ ਸਮਾਗਮ ਦੌਰਾਨ ਦਿੱਤਾ ਜਾਵੇਗਾ, ਜਿਸ ਵਿਚ 11 ਹਜ਼ਾਰ ਰੁਪਏ ਦੀ ਨਕਦ ਰਾਸ਼ੀ, ਮਿਮੈਂਟੋ ਤੇ ਪੋਰਟਰੇਟ ਸ਼ਾਮਲ ਹੋਵੇਗਾ।

ਲੋਕਾਇਤ 'ਤੇ ਵਿਚਾਰ-ਚਰਚਾ

ਬਰਨਾਲਾ-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ, ਜਿਸ ਵਿੱਚ ਦੇਬੀ ਪ੍ਰਸਾਦ ਚਟੋਪਾਧਿਆਏ ਦੀ ਹਰਚਰਨ ਸਿੰਘ ਚਹਿਲ ਦੁਆਰਾ ਅਨੁਵਾਦਿਤ

ਪੁਸਤਕ ਲੋਕਾਇਤ ਉੱਪਰ ਗੋਸ਼ਟੀ ਕਰਵਾਈ ਗਈ। ਜਿਸ ਉਪਰ ਪਰਚਾ ਪੜ੍ਹਦਿਆਂ ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਇਸ ਪੁਸਤਕ ਦਾ ਮੂਲ ਆਧਾਰ ਪਦਾਰਥ ਹੈ ਤੇ

ਡਾਕਟਰ ਨਿਰੰਜਨ ਦੀਆਂ ਕਵਿਤਾਵਾਂ

ਮਨੁੱਖ ਦੇ ਪਿਉ

ਬੱਚੇ ਤਾਂ ਬੱਚੇ ਨੇ
ਨਿੱਕੇ ਨੇ ਨਿਆਣੇ ਨੇ!

ਉਡੂੰ-ਉਡੂੰ ਕਰਦੇ ਇਹ ਸੱਧਰਾਂ ਦੇ ਬੱਦਲ
ਸੂਰਜਾਂ ਸੰਗ ਖੇਡਦੇ ਲੁਕਣਮੀਚੀ
ਪੌਣਾਂ ਦੇ ਪਰਾਂ 'ਤੇ ਹੋ ਕੇ ਸਵਾਰ
ਵਰ੍ਹਾਊ ਹੋਣਾ ਲੋਚਦੇ!

ਭਿੰਨੀਆਂ ਖੁਸ਼ਬੂਆਂ ਦੇ ਵਰੋਸਾਏ
ਸੰਦਲੀ ਪੌਣਾਂ ਦੀ ਛੋਹ ਦੇ ਸਿਰਨਾਵੇਂ,
ਖਿੜਦੇ ਹੋਏ ਰੀਝਾਂ ਦੇ ਕੌਲ ਫੁੱਲ।
ਲਿਟਦੇ ਨੇ ਜਿਊਣਜੋਗੇ, ਰੋਡ ਭੋਡ ,
ਸਿਰਜਣਸ਼ੀਲ ਜ਼ਿਮੀਂ ਦੀ ਚਟਾਈ 'ਤੇ,
ਨਿਰਛਲ ਨਿਰਉਚੇਚ, ਮਾਰਦੇ ਕਿਲਕਾਰੀਆਂ
ਗੁੰਜਾਉਂਦੇ ਨੇ ਅਣਛੋਹੇ, ਅਣਗਾਹੇ ਆਕਾਸ਼।
ਆੜੀ-ਆੜੀ ਖੇਡਦੇ, ਅੱਖਰ ਉਠਾਲਦੇ
ਨ੍ਹੇਰ ਨੂੰ ਪਛਾੜਦੇ!
ਬੱਚੇ ਤਾਂ ਬੱਚੇ ਨੇ!

ਬੱਚੇ ਵੱਡੇ ਨਹੀਂ, ਨਾ ਸਿਆਣੇ ਨੇ
ਬੱਸ ਨਿਆਣੇ ਨੇ!
ਨਹੀਂ ਗਰਕਦੇ ਅਨ੍ਹਿਆਂ ਖੂਹਾਂ 'ਚ
ਨਹੀਂ ਧਸਦੇ ਹਨੇਰਿਆਂ ਪਤਾਲਾਂ ਥੀਂ
ਨਹੀਂ ਦਹਿਕਦੇ ਭਸਮਾਸੁਰੀ ਅੰਗਿਆਰਾਂ ਵਾਂਗ
ਨਹੀਂ ਵੰਡਦੇ ਬਦਬੂਆਂ, ਤਰੱਕ ਗਏ ਛੱਪੜਾਂ ਵਾਂਗ,

ਨਾ ਇਹ ਲੋਹੇ ਦੇ ਦਿਲਾਂ ਵਾਲੇ
ਮਿਜ਼ਾਈਲਾਂ ਦੇ ਰਸੀਏ, ਨਾ ਬੰਬਾਂ ਦੇ ਵਪਾਰੀ
ਨਾ ਇਹ ਜ਼ਾਇਨੀ ਨਾ ਹਮਾਸੀ
ਨਾਜ਼ੀ-ਨਾਜ਼ੀ, ਸੰਘੀ-ਸੰਘੀ
ਨਾ ਜੰਗ-ਜੰਗ ਕੂਕਦੇ, ਨਾ ਮੌਤ-ਮੌਤ ਮਿੱਤਦੇ

ਬੱਚੇ ਨਹੀਂ ਗਿਣਦੇ 'ਵੀਹ ਅੱਸੀ' ਦਾ ਗਣਿਤ
ਨਹੀਂ ਚਿਤਵਦੇ ਮੋਇਆਂ ਦੇ ਥੇਹ
ਨਹੀਂ ਘੜਦੇ ਕੁਲਹਿਣੀ ਤਵਾਰੀਖ਼ ਦੇ,
ਮਿੱਥਾਂ 'ਚੋਂ ਮੁਹਾਂਦਰੇ!
ਨਹੀਂ ਵਾਹੁੰਦੇ ਚਾਨਣ ਦੇ ਸਫਿਆਂ 'ਤੇ
ਦਰਿੰਦਗੀ ਦੇ ਸਿਆਹ ਹਾਸ਼ੀਏ!

ਦੁਮੇਲਾਂ ਨੂੰ ਨਿਹਾਰਦੇ, ਰੰਗਾਂ ਨੂੰ ਉਭਾਰਦੇ
ਜਿੱਤਦੇ ਨਾ ਹਾਰਦੇ
'ਮਨੁੱਖ ਦੇ ਪਿਉ' ਵਾਲਾ
ਸਹਿਜ ਧਰਮ ਪਾਲਦੇ!

ਕਵਿਤਾ ਅਜੇ ਨਾ ਖ਼ਾਰਜ ਹੋਈ

ਕਵਿਤਾ ਕੀ ਹੈ
ਇਹ ਸਮਿਆਂ ਦੇ ਸਰਾਪੇ ਸਾਗਰਾਂ ਦਾ ਮੰਥਨ,
ਅਸੱਤ ਸੱਤਾ ਦੀਆਂ ਅੱਖਾਂ 'ਚ ਰੜਕਦੇ
ਸਿਰਾਂ ਵਾਲਿਆਂ ਦੀਆਂ ਧਮਨੀਆਂ 'ਚ
ਵਹਿੰਦੇ ਤੇ ਵਿਗਸਦੇ
ਅੱਥਰੇ ਸਵਾਲਾਂ ਦਾ ਸੁੱਚਾ ਇਹ ਪਰਚਮ!
ਮੌਤ ਦੇ ਨਾਲ ਖਹਿ-ਖਹਿ ਲੰਘਦੀ
ਇਹ ਸਾਹਾਂ ਦੀ ਤਫਰੀਹ ਹੈ
ਕਵਿਤਾ ਜੀਵਨ ਦੀ ਲੀਹ ਹੈ!

ਇਹ ਪਥਰਾਏ ਨੈਣਾਂ ਦੀਆਂ ਪਲਕਾਂ 'ਤੇ ਅਟਕੇ
ਹੰਝੂ ਦਾ ਹਉਕਾ
ਇਹ ਹਿੱਕ 'ਚ ਧੁਖਦੇ ਦਾਵਾਨਲ ਦੀ
ਦਹਿ-ਸਦੀਆਂ ਦੀ
ਰੱਤ ਪਰੁੱਤੀ
ਅਕੱਥ ਵੇਦਨਾ
ਇਹ ਤਪਦੇ ਮਾਰੂਥਲਾਂ ਥੀਂ ਭੁੱਜਦੀ
ਨਖਲਿਸਤਾਨੀ ਸਬਜ਼ ਤਾਂਘ ਦਾ
ਨਿਰਛਲ ਨਿਰਮਲ, ਤੁਪਕਾ-ਤੁਪਕਾ, ਕਿਣਕਾ-ਕਿਣਕਾ
ਇਹ, 'ਅਣਹੋਇਆਂ' ਦਾ
ਲਹੂ, ਮਿੱਝ ਤੇ ਮਿੱਟੀ ਮੁੜ੍ਹਕਾ !

ਨ੍ਹੇਰਿਆਂ ਦੀ ਸਫ ਵਲ੍ਹੇਟੇ
ਆਸਾਂ ਦੇ ਇਹ ਬਾਲੇ ਦੀਵੇ
ਪ੍ਰਕਾਸ਼ਵਾਨ ਸਵੇਰਿਆਂ ਨੂੰ ਬਖ਼ਸ਼ੇ
ਸਤਰੰਗੀ ਹੁਲਾਰੇ!

ਇਹ ਕਾਇਨਾਤ ਦੇ ਮਹਾਗਾਨ ਦਾ
ਸੁਰਬੱਧ ਕੀਤਾ
ਝਰ-ਝਰ ਝਰਦਾ ਸ਼ੀਰੀਂ ਨਗ਼ਮਾ
ਕਲਕਲ ਕਰਦਾ ਸੀਤਲ ਝਰਨਾ!
ਕੂਹਲਾਂ, ਨਦੀਆਂ, ਦਰਿਆਵਾਂ ਤੋਂ
ਸਾਗਰ ਥੀਂਦੀ
ਬੇਖੌਫ ਪੌਣ ਦੇ ਪਰ ਸਹਿਲਾਉਂਦੀ
ਤਾਰਿਆਂ ਸੰਗ ਵਿਗਸਦੀ
ਆਕਾਸ਼ਾਂ ਨੂੰ ਨਿਹਾਰਦੀ
ਦੁਮੇਲਾਂ ਦੀ ਸਿੱਕ ਪਾਲਦੀ
ਬ੍ਰਹਿਮੰਡਕ ਹੋਣਾ ਲੋਚਦੀ!

ਜੀਂਦੀ-ਥੀਂਦੀ, ਰਸਦੀ-ਵਸਦੀ
ਹਰ ਦਮ, ਹਰ ਮਨ
ਇਹ ਜਾਗਦੀ ਜ਼ਮੀਰ ਤੇ ਜਗਦੀ ਅੱਖ ਦਾ
ਇੱਛਿਤ ਸੁਪਨਾ

ਕਵਿਤਾ ਹਰ ਰੰਗ, ਹਰ ਰਣਖੇਤਰ
ਜੀਵਨ ਮੰਤਰ, ਤੀਜਾ ਨੇਤਰ

ਸੁਕਰਾਤ ਸਿਆਹੀ, ਸਰਮਦ ਅੱਖਰ
ਨਾਨਕ, ਕਾਰਲ, ਸਥੂਲ ਤੇ ਸੂਖਮ
ਹੱਡੀਂ ਰਚਦੇ
ਕਾਰਨ ਟੋਂਹਦੀ ਕਾਰਜ ਹੋਈ,
ਕਵਿਤਾ ਅਜੇ ਨਾ ਖ਼ਾਰਜ ਹੋਈ!

ਵਣਜਾਰਾ ਮੇਰਾ ਯਾਰ

ਹੇ ਵਣਜਾਰੇ, ਹੇ ਸਿਕਲੀਗਰ!
ਤੂੰ ਇਸ ਉੱਚੀ ਕੰਧ ਦੀ ਓਟੇ
ਟੱਪਰੀ ਪਾ ਲੈ ਡੇਰਾ ਲਾ ਲੈ,
ਕੰਧਾਂ ਦਾ ਬਹੁਭਾਂਤਿ ਆਸਰਾ
ਥਾਂ ਤਾਂ ਭਾਵੇਂ ਨੀਵੀਂ ਹੈ ਕੁਝ
ਬਚਾਅ ਰਹੇਗਾ 'ਵਾ ਝੱਖੜ ਤੋਂ.....
ਉਸ ਨੂੰ ਮੈਂ ਸਮਝਾਇਆ

ਪਰ ਉਸ ਰੜਾ ਮੈਦਾਨ ਹੈ ਚੁਣਿਆ

ਕਹਿੰਦਾ.....
ਕੱਲਰ ਖਾਹਦੀ ਅਉਧ ਵਿਹਾਈ
ਜ਼ਰਜ਼ਰ ਕੰਧ ਦਾ
ਕੀ ਭਰਵਾਸਾ?
ਢਹਿ ਜਾਵੇਗੀ ਦੱਬ ਜਾਵਾਂਗਾ।
ਪਤਾਲੀਂ ਲੱਗੀਆਂ, ਗਰਕ ਜਾਣੀਆਂ,
ਨੀਵੀਆਂ ਥਾਵਾਂ
ਲੱਜ ਵਿਹੂਣੇ, ਡੋਲੋਂ ਸੱਖਣੇ
ਅੰਨ੍ਹੇ-ਬੋਲ਼ੇ ਖੂਹ ਨੇ ਹੁੰਦੀਆਂ
ਗਰਕ ਜਾਵਾਂਗਾ।

ਨ੍ਹੇਰੀਆਂ, ਝੱਖੜ ਆਉਣੇ-ਜਾਣੇ
ਸੰਗ ਹਵਾਵਾਂ ਨਜਿੱਠ ਲਵਾਂਗਾ
ਰੜੇ ਮੈਦਾਨੀਂ ਧੁੱਪ ਦਾ ਵਾਸਾ,
ਨਵਾਂ ਗੀਤ ਕੋਈ ਸਿਰਜ ਲਵਾਂਗਾ!

ਧੁੰਦਲਕਾ

ਸੜਕ ਕਿਨਾਰੇ ਸੁਬਾਹ ਸਵੇਰੇ,
ਸੰਘਣੀ ਧੁੰਦ ਵਿਚ ਸੈਰ ਕਰਦਿਆਂ,
ਘਾਤ ਲਾ ਬੈਠੇ, ਆਦਮਖਾਣੇ
ਜੀਵ ਕਿਸੇ ਦਾ ਝੋਲਾ ਪੈਂਦਾ!

ਸਹਿਮ ਜਾਂਦਾ ਹਾਂ, ਠਹਿਰ ਜਾਂਦਾ ਹਾਂ.....
ਰੱਤ ਪੀਣੀਆਂ ਰੁੱਤਾਂ ਦਾ ਹੁਣ
ਕੀ ਭਰਵਾਸਾ

ਨੀਝ ਲਗਾ ਕੇ ਮੁੜ ਜਦ ਤੱਕਿਆ
ਜੁਗਾਂ-ਜੁਗਾਂ ਤੋਂ ਉਹ ਹਮਸਾਇਆ
ਮੇਰਾ ਸਾਥੀ, ਜੀਵਨਦਾਤਾ
ਰੁੱਖ ਰਿਸ਼ੀ ਸੀ!

ਸ਼ੁਕਰ ਕਿ ਉਹ ਕੋਈ ਬੰਦਾ ਨਾ ਸੀ!!

ਸ਼ਾਹ ਸਮੁੰਦਰ ਨਾਲ ਯਰਾਨਾ

ਘੁੱਪ ਹਨੇਰਾ ਘਟਾ ਕਾਲੀਆਂ
ਉੱਸਲਵੱਟੇ ਲਵੇ ਸਮੁੰਦਰ!
ਭੰਵਰਾਂ ਦੇ ਵਿਚ ਗੋਤੇ ਖਾਂਦੀ
ਸਾਹੋ-ਸਾਹ ਹੈ ਕੱਲੀਕਾਰੀ, ਨਿੱਕੜੀ ਬੇੜੀ!
ਮਸਤੂਲ ਤੇ ਨਾ ਕੋਈ ਵੰਝ ਮੁਹਾਣੇ
ਚੱਪੂ ਟੁੱਟੇ, ਦੂਰ ਕਿਨਾਰੇ

ਹਮਲਾਵਰ ਨੇ ਸੈਆਂ ਸ਼ਾਰਕ
ਮੰਝਧਾਰ ਵਿਚ ਭੀੜਾਂ ਪਈਆਂ!

ਖੁਰਦਾ ਜਾਂਦਾ, ਭੁਰਦਾ ਜਾਂਦਾ,
ਮੁੱਕਣ ਤੱਕ ਜੋ ਹਾਰ ਨਾ ਮੰਨੇ
'ਸਾਂਤਿਆਗੋ' ਮੇਰੇ ਅੰਦਰ!

ਭਵਿੱਖ ਦੇ 'ਮਾਨੋਲਿਨ' ਅਨੇਕਾਂ
ਵਾਰਿਸ ਮੇਰੇ,
ਪਏ ਨਿਹਾਰਨ
ਚਾਰ-ਚੁਫੇਰਾ, ਦਸੇ ਦਿਸ਼ਾਵਾਂ!

ਗੂੜ੍ਹੀ ਲਿਖਤ ਦੇ ਅੱਖਰ ਜਾਗੇ
ਕਰਮ ਕਮਾਉਂਦੇ
ਜੀਣ-ਥੀਣ ਦੀਆਂ ਬਾਤਾਂ ਪਾਉਂਦੇ!

ਮੋਬਾ. 98729-09932

ਬਾੜੀਆਂ ਕਲਾਂ ਤੋਂ ਬੂਟੀ ਰਾਮ ਹਾਂਡਾ

ਖਿੰਡ ਫਸਿਆ

ਵਿਜੈ ਬੰਬੇਲੀ

ਦਹਾਕਾ ਪਹਿਲਾਂ ਤੱਕ, ਤੀਹ-ਪੈਂਤੀ ਸਾਲ ਰੇਡੀਓ ਰੋਜ਼ ਇੱਕ ਨਾਂਅ, ਅਕਸਰ, ਬੋਲਦਾ, 'ਬਾੜੀਆਂ ਕਲਾਂ ਤੋਂ ਬੂਟੀ ਰਾਮ ਹਾਂਡਾ..।' ਸਰੋਤਿਆਂ ਨੂੰ ਇਵੇ ਲੱਗਦਾ, ਜਿਵੇਂ ਬਾੜੀਆਂ ਕਲਾਂ ਤੇ ਸ੍ਰੀ ਬੂਟੀ ਰਾਮ ਹਾਂਡਾ ਇੱਕ ਪਿੰਡ ਅਤੇ ਇੱਕ ਬੰਦਾ ਨਾ ਹੋ ਕੇ ਇੱਕੋ ਸਿੱਕੇ ਦੇ ਦੋ ਪਾਸੇ ਹੋਣ, ਰੂਹ ਤੇ ਵਜੂਦ ਦਾ ਸੁਮੇਲ। ਹੁਸ਼ਿਆਰਪੁਰ ਜ਼ਿਲ੍ਹੇ ਦੇ ਹੱਦਬਸਤ ਨੰਬਰ 38 ਮਾਲਕੀ 790 ਏਕੜ ਵਾਲਾ ਪ੍ਰਾਚੀਨ ਗਰਾਂ ਜੋ ਵੱਸਦਾ ਤਾਂ ਭਾਵੇਂ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹ-ਰਾਹ ਉੱਤੇ ਵਸੇ ਮਾਹਿਲਪੁਰ ਦੀ ਉੱਤਰੀ-ਪੱਛਮੀ ਗੁੱਠ 'ਤੇ ਹੈ, ਪਰ ਭਲਿਆਂ-ਵੇਲੀਂ ਕਿਤੇ ਅੱਗੇ-ਪਿੱਛੇ ਗਿਆ ਇਧਰਲੇ ਲੋਕ ਦੱਸਦੇ, 'ਮੇਰਾ ਪਿੰਡ ਮਾਹਿਲਪੁਰ-ਬਾੜੀਆਂ ਕੋਲ ਪੈਂਦਾ।' ਇਹੀ ਨਹੀਂ, ਇਹਨਾਂ ਦੇ ਨੇੜਲੇ ਪਿੰਡਾਂ ਵਾਲੇ ਤਾਂ ਕੀ, ਦੂਰ-ਦੁਰਾਡੇ ਵਾਲੇ ਵੀ ਇਹੀ ਬੋਲਦੇ, 'ਜੀ; ਸਾਡਾ ਪਿੰਡ ਮਾਹਿਲਪੁਰ-ਬਾੜੀਆਂ ਖਿੱਤੇ 'ਚ ਹੈ।' ਭਾਵ; ਉਦੋਂ ਮਾਹਿਲਪੁਰ-ਬਾੜੀਆਂ ਇੱਕ-ਦੂਜੇ ਦੇ ਪੂਰਕ ਸਨ, ਮਗਰੋਂ ਮਾਹਿਲਪੁਰ ਦੀ ਬਜਾਏ ਬੂਟੀ ਰਾਮ ਹਾਂਡਾ ਬਾੜੀਆਂ ਦਾ ਪੂਰਕ ਬਣ ਗਿਆ।

ਮਾਹਿਲਪੁਰ ਹੁਣ ਬੇਸ਼ੱਕ ਬਾੜੀਆਂ ਕਲਾਂ ਨਾਲੋਂ ਬਹੁਤ ਸਿਰ-ਕੱਢਵਾਂ ਹੈ, ਪਰ ਪੁਰਾਣੇ ਵੇਲੀਂ ਤੂਤੀ ਮਾਹਿਲਪੁਰ ਦੀ ਨਹੀਂ, ਬਾੜੀਆਂ ਦੀ ਬੋਲਦੀ ਸੀ, ਭਾਵੇਂ ਕਿ ਇਸ ਨੂੰ ਵਸਾਉਣ ਦਾ ਕਾਰਨ ਮਾਹਿਲਪੁਰ ਹੀ ਬਣਿਆ ਸੀ। ਜਿੱਥੇ ਬਾੜੀਆਂ ਦੇ ਵੱਸਣ ਦਾ ਸਬੱਬ ਮਾਹਿਲਪੁਰ ਦੇ ਸਰਬਸ਼ਾਹ ਬੈਂਸਾ ਦੀ ਇੱਕ ਕਮਜ਼ੋਰ ਕੜੀ ਬਣਦੀ ਹੈ, ਉਥੇ ਮਗਰੋਂ ਮੁੱਢ-ਕਦੀਮੀਂ ਮਾਹਿਲਪੁਰੀਆਂ ਦੀਆਂ ਹੱਟੀਆਂ-ਭੱਠੀਆਂ ਨਾਲੋਂ ਬਾੜੀਆਂ ਦਾ ਬਾਜ਼ਾਰ ਵੀ, ਕਾਮਾ-ਸ਼ਿਲਪੀ ਅਤੇ ਮਹਾਜਨ ਜਾਤਾਂ ਦੇ ਆ ਵੱਸਣ ਨਾਲ ਐਨਾ ਤਰੱਕੀ ਕਰ ਗਿਆ ਕਿ ਸਿਰਫ ਆਲੇ-ਦੁਆਲੇ ਦੇ ਪਿੰਡ ਹੀ ਨਹੀਂ, ਸਗੋਂ ਮਾਹਿਲਪੁਰੀਆਂ ਦੀਆਂ ਹੱਟੀਆਂ ਵੀ ਸੌਦੇ-ਪੱਤੇ ਲਈ ਬਾੜੀਆਂ 'ਤੇ ਹੀ ਨਿਰਭਰ ਹੋ ਗਈਆਂ। ਇੱਥੋਂ ਦੇ ਬੁਣੇ-ਉਣੇ ਕੱਪੜੇ-ਲੱਤੇ ਉਪਰਲੇ ਪਹਾੜਾਂ 'ਚ ਧੁਮਾਲਾਂ ਪਾਣ ਲੱਗੇ। ਸੂਤੀ ਕੱਪੜਾ ਰੰਗਣ ਵਿੱਚ ਮਾਹਰ ਮੁਸਲਮਾਨ ਕਾਰੀਗਰਾਂ ਸਮੇਤ ਪੁਰਾਣੇ ਵਕਤੀ ਐਂ ਲੱਗਦਾ ਸੀ ਕਿ ਜਿਵੇਂ ਪੂਰਾ ਬਾੜੀਆਂ ਹੀ ਜ਼ੁਲਾਹਿਆਂ, ਰੰਗਰੇਜ਼ਾਂ ਅਤੇ ਮਹਾਜਨਾਂ ਦੇ ਕਰਮ ਖੇਤਰ ਦਾ ਪਿੜ ਹੋਵੇ। ਪਹਿਲਾਂ ਕ੍ਰਿਸ਼ਨ ਲੀਲ੍ਹਾ ਅਤੇ ਹਟਵਾਣੀਆਂ ਨੇ ਬਾੜੀਆਂ ਨੂੰ ਮਸ਼ਹੂਰੀ ਦਵਾਈ, ਮਗਰੋਂ ਬੂਟੀ ਰਾਮ ਹਾਂਡਾ ਨੇ।

ਹਾਂ; ਬਾੜੀਆਂ ਕਲਾਂ ਸਹੋਤੇ ਜੱਟਾਂ ਦਾ ਵਸਾਇਆ ਹੋਇਆ ਹੈ ਅਤੇ ਮਗਰੋਂ ਇਸ ਦੀਆਂ ਅੱਡ-ਅੱਡ ਬੱਖੀਆਂ 'ਚ ਵਸੇ-ਰਸੇ ਬਾੜੀਆਂ ਖੁਰਦ, ਬੁੜੋ ਬਾੜੀ ਅਤੇ ਭੂੰਨੋ ਬਾੜੀ ਵੀ। ਇਹ ਨਗਰ ਕਦੋਂ ਵਸਿਆ/ਪੱਕ ਨਾਲ ਨਹੀਂ ਕਿਹਾ ਜਾ ਸਕਦਾ। ਮਾਲ ਰਿਕਾਰਡ ਕੁੱਝ ਨਹੀਂ ਬੋਲਦਾ, ਪਰ ਦੋ ਕੁ ਦਹਾਕਾ ਪਹਿਲਾਂ ਸ. ਕਰਮ ਸਿੱਘ ਸਹੋਤਾ ਦੀ ਹਰਿਦਵਾਰ ਤੋਂ ਪ੍ਰਾਪਤ ਬੰਸਾਵਲੀ ਘੂਨੋ (ਪਹਿਲਾਂ ਸ਼ਖਸ, ਜਿਹੜਾ ਪਹਿਲ-ਪਲੱਕੜੇ ਪੂਰ ਨਾਲ ਇਥੇ ਆਇਆ ਸੀ)- ਉਧੋ-ਭੈਲੂ-ਬੇਗਾ-ਜੀਣਾਂ-ਜਸਪਾਲ-ਸ਼ਾਹ-ਬਹਾਦਰ-ਹੰਸਾ-ਘਨੇਈਆਂ-ਮੈਂਹਗਾ-ਗੁਲਾਬਾ-ਵੀਰਭਾਨ-ਰਾਮਦਿਆਲ-ਭਾਲਾ/ਨੱਥੂਆਂ-ਲਾਭ ਸਿੰਘ-ਗੰਗਾ ਸਿੰਘ ਤੇ ਅਠਾਰ੍ਹਵੀਂ ਪੀੜ੍ਹੀ ਦੇ ਕਰਮ ਸਿੰਘ (ਉਮਰ 80 ਵਰਸ) ਵਾਚਣ-ਗਿਣਨ ਮੁਤਾਬਕ, ਇਸ ਪਿੰਡ ਦੇ ਮੋੜ੍ਹੀ ਗੱਡਣ ਦਾ ਅਰਸਾ ਸਾਢੇ ਪੰਜ ਕੁ ਸਦੀਆਂ (18 ਣ 25+80+ ਦੋ ਦਹਾਕੇ) ਬਣਦਾ ਹੈ।

ਹੋਇਆ ਇਉਂ ਕਿ ਮਾਹਿਲਪੁਰੀਏ ਹੀ ਆਪਣੀ ਕਿਸੇ ਮਜਬੂਰੀ/ਲੋੜ ਤਹਿਤ ਆਪਣੀਆਂ ਬਾਗ-ਬਾੜਿਆਂ ਵਿੱਚ, ਬਾੜੀਆਂ ਦਾ ਮੁੱਢ ਬੰਨ੍ਹਣ ਵਾਲੇ, ਸਹੋਤੇ ਜੱਟਾਂ ਦੇ ਸਦੀਵੀ ਬੈਠਣ ਦਾ ਸਬੱਬ ਬਣੇ, ਪਰੰਤੂ ਰਾਮ ਪਿਆਰਾ ਬੈਂਸ ਰਚਿਤ ਸੰਨ 1886 ਦੀ ਕ੍ਰਿਤ, ਜਿਹੜੀ ਕਿ ਲੰਡਨ ਦੀ ਲਾਇਬ੍ਰੇਰੀ 'ਚ ਪਈ ਹੋਈ ਹੈ, ਇਸ ਦੇ ਕਾਫੀ ਪੁਰਾਣਾ ਪਿੰਡ ਹੋਣ ਦੀ ਸ਼ਾਹਦੀ ਭਰਦੀ ਹੈ। ਇੱਕ ਮਿੱਥ, ਜਿਹੜੀ ਜ਼ਿਆਦਾ ਪ੍ਰਚੱਲਤ ਹੈ, ਮੁਤਾਬਿਕ ਸਮਰਾਟ ਅਕਬਰ (1542-1605), ਜਦ ਚੌਧਰੀ ਰਾਮ ਰਾਏ ਬੈਂਸ ਮਾਹਿਲਪੁਰ ਦਾ ਆਹਲਾ ਜਗੀਰਦਾਰ ਸੀ, ਵੇਲੇ ਜੇਜੋਂ-ਲਸਾੜਾ ਦੇ ਜਸਵਾਲ ਰਾਜਪੂਤਾਂ ਨੇ ਜਦ ਮਾਹਿਲਪੁਰ ਦੇ ਨਾਸੀਂ ਧੂੰ ਲਿਆ ਦਿੱਤਾ ਤਾਂ ਜੈਜੋਂ ਦੀ ਚੜ੍ਹਦੀ ਬਾਹੀ ਪੁਥੋਵਾਲ-ਪੋਲੀਆਂ, ਬੀਤ ਦੇ ਜੱਟ, ਬਸੀ ਕਲਾਂ ਦੇ ਪਠਾਣ ਅਤੇ ਬੜੇ ਪਿੰਡ (ਗੋਰਾਇਆਂ) ਦੇ ਸਹੋਤੇ ਮਾਹਿਲਪੁਰ ਦੀ ਸੁਰੱਖਿਆ ਢਾਲ ਬਣੇ ਸਨ।

ਬੜੇ ਪਿੰਡੀਏ ਉਦੋਂ ਬੜੇ ਮਾਰ-ਖੋਰੇ ਮੰਨੇ ਜਾਂਦੇ ਸਨ। ਉਂਜ ਵੀ ਬੈਂਸਾਂ ਦੀਆਂ ਬਹੁਤੀਆਂ ਸਕੀਰੀਆਂ ਗੋਰਾਇਆ (ਮੰਝਕੀ) ਦੇ ਇਲਾਕੇ ਵੱਲ ਹੀ ਸਨ, ਜਿਸ ਕਾਰਨ ਵੀ ਉਹ ਮਦਦ ਲਈ ਆਏ/ਸੱਦੇ ਹੋ ਸਕਦੇ ਹਨ। ਸ਼ਾਇਦ ਇਸੇ ਅਹਿਸਾਨ ਜਾਂ ਡਰ ਤਹਿਤ ਮਾਹਿਲਪੁਰੀਆਂ ਨੇ, ਜਿਧਰ ਉਹਨਾਂ ਦੇ ਬਾਗ-ਬਾੜੇ ਸਨ, ਉਹਨਾਂ ਨੂੰ ਪੱਕੇ ਤੌਰ 'ਤੇ ਹੀ ਮੁਕਾਮ ਕਰਨ ਦੀ ਅਰਜੋਈ ਕੀਤੀ ਹੋਵੇਗੀ। ਇਹਨਾਂ ਬਾੜਿਆਂ ਜਾਂ ਪਿਛਲੇ ਗਰਾਂ ਬੜੇ ਪਿੰਡ ਦੇ ਨਾਂਅ ਉੱਤੇ ਹੀ ਧਰੇ ਇਸ ਰੈਣ-ਬਸੇਰੇ ਦਾ ਨਾਂਅ ਵੀ ਵਿਗੜਦਾ-ਸੰਵਰਦਾ ਬਾੜੀਆਂ ਪੈ ਗਿਆ ਹੋਵੇਗਾ ਅਤੇ 'ਕਲਾਂ' (ਵੱਡਾ ਪਿੰਡ) ਦੀ ਉਪਾਧੀ ਇਸ ਨੂੰ, ਆਪਣੇ ਸਕੇ-ਸੋਧਰੇ ਤਿੰਨ ਪਿੰਡਾਂ 'ਬਾੜੀਆਂ ਖੁਰਦ (ਕਲਾਂ ਤੋਂ ਛੋਟਾ) ਅਤੇ ਬੂੜੋ ਬਾੜੀ ਤੇ ਭੂੰਨੋ ਬਾੜੀ' ਜਿਹਨਾਂ ਦਾ ਮੁੱਢ ਕ੍ਰਮਵਾਰ ਸਕੇ ਭਰਾਵਾਂ ਬੂੜੇ ਅਤੇ ਭੂੰਨਾ ਸਹੋਤਾ ਨੇ ਬੰਨ੍ਹਿਆ ਸੀ, ਤੋਂ ਫੈਲਰਵਾਂ ਹੋਣ ਕਾਰਨ ਹੀ ਨਹੀਂ, ਕਈ ਗੱਲਾਂ 'ਚ ਵੱਡਾ ਤੇ ਉੱਘਾ ਹੋਣ ਕਾਰਨ ਮਿਲੀ ਸੀ।

ਮੋਬਾ. 94634-39075

ਸਫ਼ਾ 1 ਦੀ ਬਾਕੀ

ਮੇਮ ਦਾ ਪਿੰਡ ਉਦਾਸ ਹੈ ! ...

ਕਰਮਚਾਰੀ ਵੀ ਉੱਥੇ ਤਾਇਨਾਤ ਹਨ, ਪਰ ਨੌਰਾ ਦਾ ਕੈਂਪਸ ਅਤੇ ਉਹ ਕਮਿਊਨ ਉਦਾਸ ਪਿਆ ਹੈ। ਕੋਈ ਖ਼ਾਸ ਗਤੀਵਿਧੀ ਨਹੀਂ ਹੈ। ਸ਼ਾਇਦ, ਸਾਲ ਵਿੱਚ ਇੱਕ-ਅੱਧ ਵਾਰ ਏਥੇ ਰੰਗਮੰਚ ਦੇ ਕੁਝ ਕਰਮਕਾਂਡੀ ਆਯੋਜਨ ਕੀਤੇ ਜਾਂਦੇ ਹਨ। ਸੱਚ ਪੁੱਛੋ ਤਾਂ ਚਮੇਲੀ ਨਿਵਾਸ ਅਤੇ ਆਲੇ ਦੁਆਲੇ ਦਾ ਇਲਾਕਾ ਅਨਾਥ ਜਿਹਾ ਦਿਸਦਾ ਹੈ। ਇੱਕ ਗੈੱਸਟ ਹਾਊਸ ਵੀ ਬਣਿਆ ਹੋਇਆ ਹੈ। ਉਸ ਦੇ ਆਲੇ-ਦੁਆਲੇ ਬੇਤਰਤੀਬੇ ਢੰਗ ਨਾਲ ਵਧੇ ਫੁੱਲ-ਬੂਟੇ ਅਤੇ ਘਾਹ ਤੋਂ ਸਾਫ਼ ਪਤਾ ਲੱਗਦਾ ਹੈ ਕਿ ਏਥੇ ਕਿਸੇ ਵੀ ਤਰ੍ਹਾਂ ਦੀਆਂ ਨਿਯਮਿਤ ਗਤੀਵਿਧੀਆਂ ਨਹੀਂ ਹੁੰਦੀਆਂ। ਦਰਸ਼ਨੀ ਡਿਊੜੀ ਦੇ ਕੋਲ ਹੀ ਨੌਰਾ ਸੁੱਤੀ ਹੋਈ ਹੈ—ਚਿਰਕਾਲੀ ਨੀਂਦ ਵਿੱਚ। ਸੰਨ 1971 ਵਿਚ ਉਸ ਦੀ ਮੌਤ ਹੋਈ। ਯੂਨੀਵਰਸਿਟੀ ਦੇ ਇੱਕ ਕਰਮਚਾਰੀ ਨੇ ਦੂਰੋਂ ਪੱਥਰ ਦਾ ਇੱਕ ਟੁਕੜਾ ਵਿਖਾਉਂਦੇ ਹੋਏ ਕਿਹਾ, 'ਉਹ ਵੇਖੋ, ਉੱਥੇ ਨੌਰਾ ਮੈਡਮ ਦੀ ਕਬਰ ਹੈ।' ਪੱਥਰਾਂ ਦੇ ਹੇਠਾਂ ਏਥੇ ਨੌਰਾ ਸੌਂ ਰਹੀ ਹੈ। ਕੋਈ ਵਿਸ਼ਾਲ ਸਮਾਰਕ ਨਹੀਂ ਹੈ, ਬਸ ਪੱਥਰ, ਬੇਤਰਤੀਬੇ ਢੰਗ ਨਾਲ ਉੱਗੇ ਹੋਏ ਫੁੱਲ-ਬੂਟੇ ਹਨ। ਸ਼ਾਇਦ ਨੌਰਾ ਮੈਡਮ ਆਪਣੇ ਲਈ ਅਜਿਹੀ ਹੀ ਸਾਧਾਰਨ ਕਬਰ ਚਾਹੁੰਦੀ ਸੀ।

ਅਸੀਂ ਸਾਰੇ ਰਸਤੇ ਵਿੱਚ ਵਾਰ-ਵਾਰ ਇਹ ਸੋਚਦੇ ਰਹੇ ਕਿ ਪਿਛਲੀ ਸ਼ਤਾਬਦੀ ਦੇ ਤੀਸਰੇ-ਚੌਥੇ ਅਤੇ ਪੰਜਵੇਂ ਦਹਾਕੇ ਦੌਰਾਨ ਅੰਦਰੇਟਾ ਕਿਹੋ ਜਿਹਾ ਦਿਸਦਾ ਰਿਹਾ ਹੋਵੇਗਾ, ਉਦੋਂ ਕਿਵੇਂ ਦਾ ਮਾਹੌਲ ਰਿਹਾ ਹੋਵੇਗਾ, ਏਥੇ ਵਸੇ ਕਲਾਕਾਰਾਂ ਤੇ ਸਥਾਨਕ ਲੋਕਾਂ ਦੇ ਰਿਸ਼ਤੇ ਕਿਵੇਂ ਦੇ ਰਹੇ ਹੋਣਗੇ। ਲੰਡਨ ਅਤੇ ਲ

21-Jan-Sunday.qxd 1/20/2024 10:47 PM Page 2

ਲੈਨਿਨ ਅਤੇ ਉਸ ਦੀ ਸਿੱਖਿਆ

ਮੁਲਕ ਰਾਜ ਅਨੰਦ

ਕਿੱਸੇ ਵਾਲੇ ਲੈਨਿਨ ਦੀ ਗੱਲ ਮੈਂ ਕਾਂਗੜਾ ਵਾਦੀ ਦੇ ਇਕ ਸਕੂਲ ਮਾਸਟਰ ਤੋਂ ਸੁਣੀ ਸੀ। ਇਹ ਪਹਿਲੀ ਸੰਸਾਰ-ਜੰਗ ਦੀ ਗੱਲ ਹੈ, 1917 ਦੇ ਇਨਕਲਾਬ ਤੋਂ ਕੁਝ ਹੀ ਮਹੀਨੇ ਪਿੱਛੋਂ ਦੀ। ਸਕੂਲ ਮਾਸਟਰ ਉਸ ਮਹਾਨ ਰੂਸੀ ਦੇ ਸੂਰਬੀਰਤਾ ਭਰੇ ਕਾਰਨਾਮਿਆਂ ਬਾਰੇ ਸੁਣੀਆਂ ਅਫ਼ਵਾਹਾਂ ਨੂੰ ਕਿਸੇ ਠੁੱਕ ਵਿਚ ਬੰਨ੍ਹਣ ਲਈ ਲੈਨਿਨ ਦੀ ਜੀਵਨੀ ਲਿਖਣੀ ਚਾਹੁੰਦਾ ਸੀ ਤੇ ਮੈਨੂੰ ਚੇਤੇ ਹੈ ਕਿ ਉਸ ਨੇ ਰੂਸੀ ਇਨਕਲਾਬ ਬਾਰੇ ਵਾਕਫ਼ੀਅਤ ਲੈਣ ਵਾਸਤੇ ਕਾਮਾਗਾਟਾ ਮਾਰੂ ਦੇ ਕੁਝ ਸਿੱਖ ਆਗੂਆਂ ਤੱਕ ਪਹੁੰਚ ਕੀਤੀ। ਖ਼ੁਫ਼ੀਆ ਪੁਲਸ ਨੇ ਉਸ ਨੂੰ ਕਿਸੇ ਯਰਕਾਊ ਸਾਜ਼ਿਸ਼ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਲਾਹੌਰੋਂ ਗ੍ਰਿਫ਼ਤਾਰ ਕਰ ਲਿਆ ਤੇ ਲੈਨਿਨ ਦੀ ਜੀਵਨੀ ਵਿੱਚੋਂ ਰਹਿ ਗਈ।

ਲਾਹੌਰ ਦੇ ਉਸ ਯਰਕਾਊ ਗਰੋਹ ਨਾਲ ਮੇਰਾ ਸੰਪਰਕ ਮੇਰੇ ਇਸੇ ਉਸਤਾਦ ਰਾਹੀਂ ਕਾਇਮ ਹੋਇਆ। ਤੇ ਸਾਡੇ ਗਰੋਹ ਵਿਚ ਬਹਿਸਾਂ-ਵਿਚਾਰਾਂ ਸਮੇਂ ਰੂਸ ਦੇ ਇਨਕਲਾਬ ਨੂੰ ਕਾਮਯਾਬ ਕਰਨ ਵਿਚ ਲੈਨਿਨ ਦੀ ਸੂਰਮਗਤੀ ਦਾ ਜ਼ਿਕਰ ਅਕਸਰ ਆਉਂਦਾ, ਪਰ ਕਿਉਂਕਿ ਸਾਡੇ ਵਿੱਚੋਂ ਬਹੁਤੇ ਪੰਜਾਬ ਦੇ ਹੇਠਲੇ ਮੱਧ-ਵਰਗ ਦੇ ਪਰਵਾਰਾਂ ਦੇ ਬੱਚੇ ਸਨ, ਮੇਰੀ ਜਾਚੇ ਸਾਨੂੰ ਲੈਨਿਨ ਦੇ ਵਿਚਾਰਾਂ ਦੇ ਮਹੱਤਵ ਦੀ ਪੂਰੀ ਸੂਝ ਨਹੀਂ ਸੀ। ਨਾ ਹੀ ਅਸੀਂ ਅਕਤੂਬਰ ਦੇ ਜੁਗ-ਪਲਟੇ ਲਈ ਰੂਸੀ ਜਮਾਤ ਨੂੰ ਚੇਤੰਨ ਤੇ ਤਿਆਰ ਕਰਨ ਸੰਬੰਧੀ ਲੈਨਿਨ ਦੇ ਸੰਗਰਾਮ ਦੇ ਢੰਗਾਂ ਨੂੰ ਠੀਕ ਤਰ੍ਹਾਂ ਗ੍ਰਹਿਣ ਕਰ ਸਕੇ ਸਾਂ।

ਅੰਗਰੇਜ਼ ਸ਼ਹਿਨਸ਼ਾਹ ਦੀ ਸੈਂਸਰਸ਼ਿਪ ਰੂਸੀ ਇਨਕਲਾਬ ਬਾਰੇ ਸਾਹਿਤ ਨੂੰ ਭਾਰਤ ਪਹੁੰਚਣ ਨਹੀਂ ਸੀ ਦੇਂਦੀ। ਮੈਨੂੰ ਯਾਦ ਹੈ ਕਿ 1925 ਵਿਚ ਪਰਦੇਸ ਜਾਣ ਤੋਂ ਪਹਿਲਾਂ ਮੈਂ ਕਮਿਊਨਿਜ਼ਮ ਬਾਰੇ ਸਿਰਫ਼ ਇਕ ਕਿਤਾਬੜੀ ਪੜ੍ਹੀ ਸੀ। ਮਾਰਕਸ ਦੀ ਲਿਖੀ, 'ਕਦਰ, ਕੀਮਤ ਤੇ ਨਫ਼ਾ'। ਮੈਨੂੰ ਇਸ ਮੁਖੀ ਕਮਿਊਨਿਸਟ ਪ੍ਰਸਤਾਵ ਦੀ ਮੋਟੀ ਜਿਹੀ ਸੋਝੀ ਸੀ ਕਿ ਉਪਜ ਦੇ ਸਾਧਨ ਚੇਤੰਨਤਾ ਨੂੰ ਨਿਸ਼ਚਿਤ ਕਰਦੇ ਹਨ ਅਤੇ ਕਿ ਇਸ ਬੁਨਿਆਦੀ ਪਹੁੰਚ ਨੂੰ ਅਪਣਾ ਕੇ ਸਮੁੱਚੇ ਮਨੁੱਖੀ ਇਤਿਹਾਸ ਨੂੰ ਸਮਝਿਆ ਜਾ ਸਕਦਾ ਹੈ, ਪਰ ਮੈਂ ਇਸ ਅਸੂਲ ਨੂੰ ਆਪਣੀ ਪੜ੍ਹਾਈ-ਲਿਖਾਈ ਵਿਚ ਲਾਗੂ ਨਹੀਂ ਸਾਂ ਕਰ ਸਕਦਾ ਤੇ ਹੈਰਾਨ ਹੋਇਆ ਕਰਦਾ ਸਾਂ ਕਿ ਲੈਨਿਨ ਨੇ ਕਿਰਸਾਨਾਂ ਦੇ ਬੇਡੌਲ ਸੰਗਰਾਮਾਂ ਅਤੇ ਟਾਲਸਟਾਏ ਵਰਗੇ 'ਦਸੰਬਰੀਆਂ' ਤੇ ਯਰਕਾਊ ਲੋਕਾਂ ਦੇ ਬੇਸੁਰੇ ਘੋਲਾਂ ਨੂੰ ਇਨਕਲਾਬ ਦੇ ਕਾਰਨਾਮਿਆਂ ਨਾਲ ਜੋੜਨ ਵਿਚ ਆਪਣੇ ਸਿਧਾਂਤਾਂ ਦੀ ਕਿਵੇਂ ਵਰਤੋਂ ਕੀਤੀ?

1926 ਵਿਚ ਕੋਲੇ ਦੇ ਮਜ਼ਦੂਰ ਏ.ਜ. ਕੁਕ ਦੀ ਅਗਵਾਈ ਹੇਠ ਬਰਤਾਨੀਆ ਵਿਚ ਆਮ ਹੜਤਾਲ ਹੋਈ ਸੀ। ਉਨ੍ਹੀਂ ਦਿਨੀਂ ਮੈਂ ਲੰਡਨ ਸਾਂ ਤੇ ਹੜਤਾਲ ਤੋਂ ਪਿੱਛੋਂ ਮੇਰਾ ਮੇਲ ਅੰਗਰੇਜ਼ ਟ੍ਰੇਡ ਯੂਨੀਅਨਿਸਟ ਐਲਨ ਹੱਟ ਨਾਲ ਹੋ ਗਿਆ। ਰੈਡ ਲਾਈਨ ਸਟ੍ਰੀਟ ਵਿਚ ਉਸ ਦੇ ਘਰ ਇਕ ਗਰੋਹ ਦੀ ਬੈਠਕ ਹੋਇਆ ਕਰਦੀ ਸੀ ਤੇ ਮੈਂ ਵੀ ਉਸ ਵਿਚ ਸ਼ਾਮਲ ਹੋ ਗਿਆ। ਉਸ ਗਰੋਹ ਵਿਚ ਹੀ ਮੈਂ ਲੈਨਿਨ ਦੀਆਂ ਅਹਿਮ ਲਿਖਤਾਂ 'ਪਦਾਰਥਵਾਦ ਤੇ ਅਨਾੜੀ ਪੁਣਛਾਣ', 'ਸਾਮਰਾਜਵਾਦ, ਸਰਮਾਏਦਾਰੀ ਦੀ ਅੰਤਿਮ ਅਵਸਥਾ' ਅਤੇ 'ਖੱਬੇ-ਪੱਖੀ ਕਮਿਊਨਿਜ਼ਮ, ਇਕ ਬਚਗਾਨਾ ਗੜਬੜ-ਚੌਥ' ਪੜ੍ਹੀਆਂ। ਇਨ੍ਹਾਂ ਸਾਰੀਆਂ ਪੁਸਤਕਾਂ ਦੇ ਹਾਸ਼ੀਏ ਉਤੇ ਮੈਂ ਆਪਣੇ ਨੋਟ ਲਿਖੇ, ਜਿਨ੍ਹਾਂ ਵਿਚ ਇਨ੍ਹਾਂ ਵਿਚਲੇ ਮਸਲਿਆਂ ਨੂੰ ਭਾਰਤ ਦੇ ਹਾਲਾਤ ਉਤੇ ਲਾਗੂ ਕਰਨ ਦਾ ਯਤਨ ਕੀਤਾ ਗਿਆ ਸੀ, ਪਰ ਤਦ ਵੀ ਲੈਨਿਨ ਦੇ ਪੇਸ਼ ਕੀਤੇ ਮਾਰਕਸੀ ਮਿੱਥਣਾਂ ਨੂੰ ਭਾਰਤ ਦੇ ਹਾਲਾਤ ਉਤੇ ਲਾਗੂ ਕਰ ਸਕਣ ਬਾਰੇ ਮੇਰੀ ਸੂਝ ਕੁਝ ਕੁ ਉੱਘੜ-ਦੁੱਘੜੀ ਹੀ ਰਹੀ।

ਬਾਅਦ ਵਿਚ ਮੈਨੂੰ ਰੂਸੀ ਇਨਕਲਾਬ ਬਾਰੇ ਜਵਾਹਰ ਲਾਲ ਨਹਿਰੂ, ਗਾਂਧੀ ਜੀ ਤੇ ਐੱਮ.ਐੱਨ. ਰਾਏ ਨਾਲ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਿਆ। ਮੈਨੂੰ ਪਤਾ ਲੱਗਾ ਕਿ ਉਹ ਤਿੰਨੇ ਹੀ ਮਹਿਸੂਸ ਕਰਦੇ ਹਨ ਕਿ ਲੈਨਿਨ ਦਾ ਇਨਕਲਾਬ ਦਾ ਕੇਂਦਰੀ ਸਿਧਾਂਤ ਤਾਂ ਠੀਕ ਸੀ, ਪਰ ਭਾਰਤ ਵਿਚ ਸਾਡਾ ਕੰਮ ਅੰਗਰੇਜ਼ ਸਾਮਰਾਜ ਵਿਰੁੱਧ ਸਾਰੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਸਾਂਝਾ ਸੰਗਰਾਮ ਜਥੇਬੰਦ ਕਰਨਾ ਸੀ ਅਤੇ ਉਸ ਤੋਂ ਪਿੱਛੋਂ ਵੇਖਣਾ ਸੀ ਕਿ ਸ਼ਾਂਤਮਈ ਢੰਗ ਨਾਲ ਸਮਾਜੀ ਤਬਦੀਲੀਆਂ ਆ ਸਕਦੀਆਂ ਹਨ ਜਾਂ ਨਹੀਂ। ਉਨ੍ਹਾਂ ਦਾ ਖ਼ਿਆਲ ਸੀ ਕਿ ਸਾਡੇ ਦੇਸ਼ ਦੀਆਂ ਰਵਾਇਤਾਂ ਫ਼ਰਾਂਸੀਸੀ ਤੇ ਰੂਸੀ ਇਨਕਲਾਬਾਂ ਦੇ ਦੌਰਾਨ ਵਾਪਰੀਆਂ ਹਿੰਸਾ ਵਾਲੀਆਂ ਘਟਨਾਵਾਂ ਦੀ ਆਗਿਆ ਨਹੀਂ ਸਨ ਦੇਂਦੀਆਂ, ਪਰ ਮੈਂ ਤੇ ਮੇਰੇ ਸਾਥੀ ਉਨ੍ਹਾਂ ਦਿਨਾਂ ਵਿਚ ਬੜੇ ਅਮੋੜ ਤੇ ਬੇਸਬਰੇ ਸਾਂ ਅਤੇ ਸਾਡੇ ਸਿਰਾਂ 'ਤੇ ਸਾਮਰਾਜ-ਵਿਰੋਧੀ ਸੰਗਰਾਮ ਨੂੰ ਜਨਤਕ ਤੇ ਜਮਾਤੀ ਤੱਤ ਦੇਣ ਦਾ ਭੂਤ ਸਵਾਰ ਸੀ। ਸਾਡਾ ਝੁਕਾਅ ਮੇਰਠ ਸਾਜ਼ਿਸ਼ ਕੇਸ ਦੇ ਕੈਦੀਆਂ ਦੇ ਬਿਆਨਾਂ ਤੇ ਐਲਾਨਾਂ ਵੱਲ ਸੀ ਅਤੇ ਅਸਾਂ ਉਸ ਤੀਜੇ ਦਹਾਕੇ ਦੀਆਂ ਬੰਬਈ ਦੀਆਂ ਮਹਾਨ ਹੜਤਾਲਾਂ ਤੋਂ ਸਬਕ ਸਿੱਖਣ ਦੇ ਯਤਨ ਕੀਤੇ।

ਲੰਡਨ ਵਿਚ ਭਾਰਤ ਦੇ ਕਈ ਵਿਦਿਆਰਥੀ, ਬੁੱਧੀਮਾਨ ਤੇ ਰਾਜਸੀ ਆਗੂ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਲੈਨਿਨਵਾਦੀਆਂ ਦੇ ਸੰਪਰਕ ਵਿਚ ਆਏ ਅਤੇ ਚੌਥੇ ਦਹਾਕੇ ਦੇ ਸ਼ੁਰੂ ਦੇ ਸਾਲਾਂ ਵਿਚ ਲੈਨਿਨ ਦੀਆਂ ਕੁਝ ਅਹਿਮ ਲਿਖਤਾਂ ਦੇ ਅਨੁਵਾਦ ਭਾਰਤੀ ਬੋਲੀਆਂ ਵਿਚ ਹੋ ਗਏ। ਸੱਚ ਤਾਂ ਇਹ ਹੈ ਕਿ ਉਨ੍ਹਾਂ ਦਿਨਾਂ ਵਿਚ ਭਾਰਤ ਦੀ ਕੌਮੀ ਲਹਿਰ ਵਿਚ ਸ਼ਾਇਦ ਹੀ ਕੋਈ ਅਜਿਹੇ ਬੁੱਧੀਮਾਨ ਮਰਦ ਤੇ ਤ੍ਰੀਮਤਾਂ ਹੋਣ, ਜਿਹੜੇ ਮਹਾਨ ਲੈਨਿਨ ਲਈ ਵੱਡੀ ਸ਼ਰਧਾ ਨਾ ਰੱਖਦੇ ਹੋਣ। ਸਾਰਾ ਬੁੱਧੀਮਾਨ ਵਰਗ ਅਸ਼-ਅਸ਼ ਕਰ ਉੱਠਿਆ ਸੀ ਕਿ ਲੈਨਿਨ ਨੇ ਕਿਵੇਂ ਸਿਧਾਂਤ ਤੇ ਅਮਲ ਦਾ ਸ਼ਾਨਦਾਰ ਸੁਮੇਲ ਕਰਕੇ ਇਨਕਲਾਬ ਨੂੰ ਵੀ ਸਿਰੇ ਲਾ ਦਿੱਤਾ ਅਤੇ ਚਿਟਗਰਦੀਆਂ ਤੇ ਸਾਮਰਾਜੀ ਦਖ਼ਲਬਾਜ਼ਾਂ ਵਿਰੁੱਧ ਘਰੋਗੀ ਜੰਗ ਵਿਚ ਵੀ ਫ਼ਤਹਿ ਪ੍ਰਾਪਤ ਕੀਤੀ।

ਮੈਂ ਇਹ ਨਹੀਂ ਆਖ ਸਕਦਾ ਕਿ ਮੇਰੀ ਪੀੜ੍ਹੀ ਦੇ ਬੁੱਧੀਮਾਨਾਂ ਦੀਆਂ ਰਚਨਾਤਮਕ ਕਿਰਤਾਂ ਉਤੇ ਲੈਨਿਨ ਨੇ ਇੰਨ-ਬਿੰਨ ਕੀ ਅਸਰ ਪਾਇਆ। ਉਂਝ ਮੇਰਾ ਵਿਸ਼ਵਾਸ ਹੈ ਕਿ ਉਸ ਦੀ ਸਿੱਖਿਆ ਨੇ ਸਾਮਰਾਜ ਹੇਠ ਦਰੜੇ ਲੋਕਾਂ ਦੀ ਦੁਰਦਸ਼ਾ ਵਿਰੁੱਧ ਸਾਡੀ ਘ੍ਰਿਣਾ ਨੂੰ ਕਿਤੇ ਉਤੇਜਿਤ ਕਰ ਦਿੱਤਾ। ਉਸ ਦੀ ਇਹ ਭਵਿੱਖ-ਬਾਣੀ ਕਿ ਚੀਨ, ਹਿੰਦੁਸਤਾਨ ਤੇ ਅਫ਼ਰੀਕਾ ਦੇ ਲੋਕ ਵੀ ਆਪਣੇ ਸਾਂਝੀਵਾਲ ਇਨਕਲਾਬ ਲਈ ਅਵੱਸ਼ ਉੱਠਣਗੇ, ਸਾਡੀਆਂ ਅੱਖਾਂ ਨੂੰ ਖੰਭ ਲਾਉਂਦੀ ਤੇ ਸਾਡੇ ਉਤਸ਼ਾਹ ਨੂੰ ਦੂਣਾ-ਚੌਣਾ ਕਰਦੀ ਸੀ। ਸਾਡੇ ਕਈ ਕਵੀਆਂ ਨੇ ਲੈਨਿਨ ਬਾਰੇ ਗੀਤ ਲਿਖੇ ਤੇ ਮੈਨੂੰ ਯਾਦ ਹੈ ਕਿ ਕਿਵੇਂ ਸੱਜਾਦ ਜ਼ਹੀਰ ਨੇ ਉੱਤਰ ਪ੍ਰਦੇਸ਼ ਦੀ ਇਕ ਉਪ-ਭਾਸ਼ਾ ਵਿਚ ਲੈਨਿਨ ਬਾਰੇ ਇਕ ਦੋਹਰਾ ਸੁਣਾਇਆ, ਜਿਸ ਨੂੰ ਕਾਲਾਕੰਕਰ ਦੇ ਕਿਸਾਨਾਂ ਨੇ ਤਾੜੀਆਂ ਮਾਰ-ਮਾਰ ਕੇ ਸਲਾਹਿਆ। ਇਹ 1938 ਦੀ ਗੱਲ ਹੈ ਤੇ ਲੈਨਿਨ ਉਸ ਕਵਿਤਾ ਉਤੇ ਓਸੇ ਤਰ੍ਹਾਂ ਛਾਇਆ ਹੋਇਆ ਸੀ, ਜਿਸ ਤਰ੍ਹਾਂ ਤੁਲਸੀ ਦਾਸ ਦੀ ਰਾਮਾਇਣ ਉਤੇ ਰਾਮ।

ਤਦ ਵੀ ਮੈਂ ਅਨੁਭਵ ਕਰਦਾ ਹਾਂ ਕਿ ਭਾਰਤੀ ਬੁੱਧੀਮਾਨ ਵਰਗ ਦੇ ਬਹੁਤ ਥੋੜ੍ਹੇ ਲੋਕਾਂ ਨੇ ਲੈਨਿਨ ਦੀ ਸਿੱਖਿਆ ਦਾ ਮਹੱਤਵ ਉਸ ਦੀ ਪੂਰੀ ਡੂੰਘਿਆਈ ਵਿਚ ਪਛਾਣਿਆ ਸੀ।

ਮੈਂ ਆਪ ਮੁੜ-ਮੁੜ ਇਹ ਸਮਝਣ ਦਾ ਯਤਨ ਕੀਤਾ ਕਿ ਰੂਸੀ ਇਨਕਲਾਬ ਦੇ ਅਹਿਮ ਸਬਕ ਭਾਰਤ ਉਤੇ ਕਿਵੇਂ ਲਾਗੂ ਹੋ ਸਕਦੇ ਹਨ। ਮੈਂ ਮਹਿਸੂਸ ਕਰਦਾ ਸਾਂ ਕਿ ਉਨ੍ਹਾਂ ਸਬਕਾਂ ਦੀ ਕੋਈ ਸਿੱਧੀ ਵਰਤੋਂ ਨਹੀਂ ਹੋ ਸਕਦੀ। ਸਾਨੂੰ ਭਾਰਤੀ ਰਵਾਇਤਾਂ ਨੂੰ ਨਵੇਂ ਸਿਰਿਉਂ ਖੋਜਣਾ ਪਵੇਗਾ ਅਤੇ ਵੇਖਣਾ ਪਵੇਗਾ ਕਿ ਵੱਖੋ-ਵੱਖ ਦੌਰਾਂ ਦੇ ਸਮਾਜੀ ਤੱਥਾਂ ਦੀ ਰੋਸ਼ਨੀ ਵਿਚ ਅਸੀਂ ਕਿਹੜੇ ਅੰਸ਼ਾਂ ਨੂੰ ਵਿਰਸੇ ਵਿਚ ਲੈ ਸਕਦੇ ਹਾਂ ਤੇ ਬੀਤੇ ਦੇ ਜਿਉਂਦੇ ਅੰਸ਼ਾਂ ਨੂੰ ਵੱਖੋ-ਵੱਖ ਯੂਰਪੀ ਇਨਕਲਾਬਾਂ ਦੇ ਵਿਚਾਰਾਂ ਦੀ ਚੇਤੰਨਤਾ ਨਾਲ ਕਿਵੇਂ ਇਕ-ਮਿਕ ਕਰ ਸਕਦੇ ਹਾਂ। ਓਸੇ ਸਮੇਂ ਜਵਾਹਰ ਲਾਲ ਨਹਿਰੂ ਨੇ ਆਪਣੀਆਂ ਪੁਸਤਕਾਂ 'ਸੰਸਾਰ ਇਤਿਹਾਸ ਦੀਆਂ ਝਾਕੀਆਂ' ਤੇ 'ਭਾਰਤ ਦੀ ਖੋਜ' ਲਿਖਣ ਦੇ ਯਤਨ ਕੀਤੇ ਸਨ, ਪਰ ਉਸ ਨੇ ਇਹ ਯਤਨ ਕਈ ਹੋਰਨਾਂ ਵਿਦਵਾਨਾਂ ਵੱਲੋਂ ਇਸ ਸਿਧਾਂਤ ਦੀ ਰੋਸ਼ਨੀ ਵਿਚ ਕਿ ਉਪਜ ਦੇ ਸਾਧਨ ਚੇਤੰਨਤਾ ਨੂੰ ਨਿਸ਼ਚਿਤ ਕਰਦੇ ਹਨ, ਭਾਰਤ ਦੇ ਇਤਿਹਾਸ ਨੂੰ ਸਮਝਣ ਦੀਆਂ ਕੋਸ਼ਿਸ਼ਾਂ ਦਾ ਨਿਚੋੜ ਹੀ ਸਨ। ਪਿੱਛੋਂ ਜਾ ਕੇ ਪ੍ਰੋ. ਕੋਸਾਂਬੀ ਨੇ ਇਸੇ ਕਾਰਜ ਨੂੰ ਵਧੇਰੇ ਸਫ਼ਲਤਾ ਨਾਲ ਛੋਹਿਆ। ਸਾਡੇ ਵਿੱਚੋਂ ਬਾਕੀ ਦੇ ਵਿਦਵਾਨ ਸਿਰਫ਼ ਕੁਝ ਵਿਚਾਰ-ਗੋਚਰੇ ਸਵਾਲਾਂ ਬਾਰੇ, ਜਿਨ੍ਹਾਂ ਨੂੰ ਮਾਰਕਸ ਨੇ 'ਨਿਊਯਾਰਕ ਹੈਰਲਡ ਟ੍ਰਿਬਿਊਨ' ਵਿਚ ਭਾਰਤ ਦੇ ਗ਼ਦਰ ਤੋਂ ਪਹਿਲਾਂ ਲਿਖੇ ਆਪਣੇ ਲੇਖਾਂ, 'ਭਾਰਤ ਬਾਰੇ ਚਿੱਠੀਆਂ' ਰਾਹੀਂ ਉਕ-ਸਾਇਆ ਸੀ, ਕੁਝ ਯੱਕੜ ਹੀ ਮਾਰ ਸਕਦੇ ਸਾਂ। ਉਨ੍ਹਾਂ ਲੇਖਾਂ ਵਿਚ ਮਾਰਕਸ ਨੇ 'ਭਾਰਤ ਛੱਡ ਜਾਓ' ਲਹਿਰ ਦੀ ਕੋਈ ਇਕ ਸਦੀ ਪਹਿਲਾਂ ਪੇਸ਼ੀਨਗੋਈ ਕੀਤੀ ਅਤੇ ਮਨੁੱਖ ਦੇ ਗ਼ੁਲਾਮੀ ਤੋਂ ਅਵੱਸ਼ ਛੁਟਕਾਰੇ ਦੇ ਸ਼ੁੱਭ ਸ਼ਗਨ ਦਾ ਸੰਕੇਤ ਦਿੱਤਾ ਸੀ।

ਮਾਰਕਸ ਤੇ ਲੈਨਿਨ ਦੀ ਮਹੱਤਤਾ ਬਾਰੇ ਮੇਰਾ ਧੁੰਦਲਾ ਜਿਹਾ ਅਨੁਭਵ ਇਹ ਸੀ ਕਿ ਭਾਰਤ ਨੂੰ ਇਕ ਸੰਪੂਰਨ ਸੱਭਿਆਚਾਰਕ ਜੁਗ-ਪਲਟੇ ਵਿੱਚੋਂ ਲੰਘਣਾ ਪਵੇਗਾ, ਆਰਥਿਕ ਜੁਗ-ਪਲਟਾ ਜਿਸ ਦਾ ਸਿਰਫ਼ ਹਿੱਸਾ ਹੀ ਹੋਵੇਗਾ; ਇਹ ਮੁਖੀ ਹਿੱਸਾ ਤਾਂ ਹੋਵੇਗਾ, ਪਰ ਸੰਪੂਰਨਤਾ ਦਾ ਇਕ ਭਾਗ ਹੀ ਹੋਵੇਗਾ। ਮੇਰਾ ਵਿਚਾਰ ਇਹ ਸੀ ਕਿ ਭਾਰਤੀ ਲੋਕਾਂ ਨੂੰ ਵੱਖੋ-ਵੱਖ ਦਰਸ਼ਨਾਂ ਦਾ ਦਾਰਸ਼ਨਿਕ ਵਿਰਸਾ, ਜਿਹੜਾ ਕਿ ਕਰਮ ਸੰਬੰਧੀ ਹਾਰੂ ਦੇਖਣੀ ਨੂੰ ਪਾਲਦਾ ਸੀ, ਅਥਵਾ ਇਹ ਸਿਖਾਉਂਦਾ ਸੀ ਕਿ ਬੰਦੇ ਦੇ ਚੰਗੇ-ਮੰਦੇ ਕਰਮ ਉਸ ਦੇ ਭਵਿੱਖ ਦੇ ਜੀਵਨ ਦਾ ਨਿਸ਼ਚਾ ਕਰਦੇ ਹਨ, ਤੱਜਣਾ ਪਵੇਗਾ ਅਤੇ ਸਾਨੂੰ ਇਹ ਵਿਸ਼ਵਾਸ ਗ੍ਰਹਿਣ ਕਰਨਾ ਪਵੇਗਾ ਕਿ ਮਨੁੱਖ ਆਪਣੀ ਹੋਣੀ ਦਾ ਘਾੜਾ ਆਪ ਹੈ। ਮਹਾਤਮਾ ਬੁੱਧ ਵੱਲੋਂ ਨਿਰਵਾਣ ਦੇ ਮਾਰਗ ਨੂੰ ਛੁਟਕਾਰੇ ਦਾ ਸਾਧਨ ਸਿੱਧ ਕਰਨ ਉਤੇ ਜ਼ੋਰ ਦੇਣਾ ਵੀ ਜਨਤਾ ਦੀ ਇਨਕਲਾਬੀ ਚੇਤਨਾ ਲਈ ਨੁਕਸਾਨਦੇਹ ਸੀ। ਅਤੇ ਭਾਵੇਂ ਇਸਲਾਮ ਮਨੁੱਖ ਮਾਤਰ ਦੇ ਭਰਾਤਰੀ ਸੰਬੰਧਾਂ ਉਤੇ ਜ਼ੋਰ ਦੇਂਦਾ ਸੀ, ਮੁਸਲਮਾਨਾਂ ਨੇ ਆਪਣੀ ਨਿੱਜੀ ਮੁਕਤੀ ਦਾ ਓਹਲਾ ਲੈ ਲਿਆ ਸੀ। ਲੋਕਾਇਤਾਂ ਦੀਆਂ ਲੋਕ-ਕਥਾਵਾਂ ਵਿਚ ਦਰਜ ਭਾਰਤੀ ਲੋਕਾਂ ਦੇ ਨਿੱਤ ਦਿਹਾੜੇ ਦੇ ਸੰਗਰਾਮਾਂ ਬਾਰੇ ਅਸੀਂ ਉਦੋਂ ਜਾਣੂੰ ਨਹੀਂ ਸੀ, ਕਿਉਂਕਿ ਕੇ.ਵੀ. ਚੈਟਰਜੀ ਨੇ ਢੇਰ ਚਿਰ ਪਿੱਛੋਂ ਜਾ ਕੇ ਪੁਰਾਤਨ ਪੁਸਤਕਾਂ ਦਾ ਡੂੰਘਾ ਅਧਿਐਨ ਕੀਤਾ।

ਮੈਂ ਪਛਾਣ ਗਿਆ ਕਿ ਹੋਰਨਾਂ ਕਈ ਭਾਰਤੀ ਵਿਦਵਾਨਾਂ ਵਾਂਗ ਹੀ ਮੈਂ ਅਜੇ ਤੱਕ ਭਾਰਤੀ ਲੋਕਾਂ ਦੀ ਕੰਗਾਲੀ ਤੋਂ ਲੋਹਾ-ਲਾਖਾ ਹੋਣਾ ਤਾਂ ਸਿੱਖ ਲਿਆ ਸੀ, ਪਰ ਇਸ ਗੱਲ ਦੀ ਸੂਝ ਨਾ ਹੋਣ ਦੇ ਬਰਾਬਰ ਸੀ ਕਿ ਇਸ ਓੜਕ ਦੀ ਥੁੜੋਂ ਨੂੰ ਅਜਿਹੀਆਂ ਕਾਰਵਾਈਆਂ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ, ਜਿਹੜੀਆਂ ਸਾਡੇ ਦੁੱਖਾਂ ਦਾ ਦਾਰੂ ਬਣ ਜਾਣ। ਅਸਲੀਅਤ ਇਹ ਹੈ ਕਿ ਇਹ ਨਾਵਲ-ਰਚੈਤਾ ਦੀ ਹੈਸੀਅਤ ਵਿਚ ਕਿਉਂਕਿ ਮੇਰਾ ਵਾਹ ਨਿੱਜੀ ਵਿਵਸਥਾਵਾਂ ਦੇ ਚਿਤਰਣ ਨਾਲ ਪੈਂਦਾ ਸੀ, ਮਸਲਿਆਂ ਨੂੰ ਹੱਲ ਕਰਨ ਨਾਲ ਨਹੀਂ, ਇਸ ਲਈ ਮੈਂ ਉਨ੍ਹਾਂ ਕੰਮਾਂ-ਕਾਰਵਾਈਆਂ ਸੰਬੰਧੀ ਕੁਝ ਨਾ ਲਿਖ ਸਕਿਆ, ਜਿਨ੍ਹਾਂ ਦੀ ਸਮਾਜੀ-ਪਲਟੇ ਲਈ ਲੋੜ ਹੈ, ਪਰ ਆਪਣੇ ਉਪਦੇਸ਼ਕਾਂ ਵਾਲੇ ਵੱਖੋ-ਵੱਖ ਲੇਖਾਂ ਵਿਚ ਮੈਂ ਸੰਘਰਸ਼ ਦਾ ਇਕ ਸਿਧਾਂਤ ਜਿਹਾ ਘੜ ਲਿਆ।

ਅਕਸਰ ਦਾਰਸ਼ਨਿਕ ਸੋਚ-ਪ੍ਰਣਾਲੀਆਂ ਦੇ ਵਿਰੁੱਧ ਮੈਂ ਵਿਅਕਤੀ ਦੀ ਬ੍ਰਹਿਮੰਡ ਦੇ ਕੇਂਦਰੀ ਪ੍ਰਬੰਧ ਦੇ ਨਾਇਕ ਵਜੋਂ ਕਲਪਨਾ ਕੀਤੀ, ਉਹ ਨਾਇਕ ਜਿਸ ਦੇ ਭਲੇ ਲਈ ਕੰਮ ਕਰਨਾ ਸਮੁੱਚੇ ਸਮਾਜ ਦਾ ਕੰਮ ਬਣਦਾ ਸੀ। ਮੇਰੇ ਵਿਚਾਰ ਵਿਚ ਵਿਅਕਤੀ ਬਾਂਦਰ ਤੋਂ ਤੁਰ ਕੇ ਮਨੁੱਖ ਦੇ ਦਰਜੇ ਤਕਿ ਵਿਕਾਸ ਕਰਕੇ ਪਹੁੰਚਿਆ ਹੈ। ਪੂਰਵ-ਇਤਿਹਾਸਕ ਤੇ ਇਤਿਹਾਸਕ ਕਾਲ ਵਿਚ ਮਨੁੱਖ ਦੇ ਲੰਮੇ ਸੰਘਰਸ਼ ਨੇ ਉਸ ਆਹਾਰ-ਪਚਾਈ ਨੂੰ ਇਕ ਸਰੀਰ-ਆਤਮਾ ਨਾਲ ਲੈਸ ਕੀਤਾ ਹੈ, ਜਿਹੜੀ ਇਕ ਰਚਨਾਤਮਕ ਢੰਗ ਨਾਲ ਆਪਣੇ-ਆਪ ਨੂੰ ਗਰੋਹ ਦੀਆਂ ਲੋੜਾਂ ਅਨੁਸਾਰ ਢਾਲ ਸਕਦੀ ਹੈ। ਪਰ ਇਕ ਬੰਦੇ ਨੂੰ ਦੂਜੇ ਨਾਲ ਜੋੜਨ ਲਈ ਵਿਚਾਰਾਂ ਦੀਆਂ ਵੀ ਲੱਤਾਂ ਲੋੜੀਂਦੀਆਂ ਹਨ। ਵਿਚਾਰ ਤੇ ਕਰਮ ਦੀ ਇਕਮਿਕਤਾ ਦਾ ਮਹੱਤਵ ਹੈ। ਕਿਉਂਕਿ ਇਕ ਲੰਮੇ ਕਾਲ ਲਈ ਥੋੜ੍ਹੇ ਬੰਦਿਆਂ ਦੀ ਵਿਅਕਤੀਗਤ ਖੋਹਾ-ਖਾਹੀ ਨੇ ਬਹੁਤਿਆਂ ਦੇ ਵਾਧੇ ਨੂੰ ਬੰਨ੍ਹ ਮਾਰੀ ਰੱਖਿਆ, ਇਸੇ ਲਈ ਸੱਭਿਅਤਾ ਵਿਕਾਸ ਦੀਆਂ ਪੂਰੀਆਂ ਸੰਭਾਵਨਾਵਾਂ ਦੇ ਬਰਾਬਰ ਨਾ ਤੁ